ਰੂਹ ਤੇ ਦਿਲ

ਰੂਹ ਤੇ ਦਿਲ ਹਰਦੇਵ ਸੋਢੀ 'ਅਸ਼ਕ'

ਰੂਹ ਤੇ ਦਿਲ



ਹਰਦੇਵ ਸੋਢੀ 'ਅਸ਼ਕ'

ਕਾਪੀ ਰਾਈਟਸ: ਹਰਦੇਵ ਸੋਢੀ 'ਅਸ਼ਕ'
ਪਹਿਲੀ ਵਾਰ **2016 - 300**

ਕੀਮਤ ਭਾਰਤ: **100** ਰੁਪਏ, ਕੈਨੇਡਾ : **$12।00**

ਇਸ ਕਲਮ ਤੋਂ:

> ਸਫ਼ਰ ਕੀ ਪਗਡੰਡੀਆਂ (ਹਿੰਦੀ) **1999**
> ਸਮੇਂ ਕੇ ਸਾਏ (ਹਿੰਦੀ) **2012**

Hardev Sodhi "Ashk"
3360 Jesmond Ave
Richmond BC Canada
604-275-3166
hardev2000@yahoo.com

ਰੂਹ ਤੇ ਦਿਲ – **RUH TE DIL (Punjabi)**

ISBN 978-0-9782609-2-7

ਤਤਕਰਾ

ਸਧਾਰਣਤਾ ਵਿਚ ਅਲੰਕਾਰਤਾ ਦੀ ਸ਼ਾਇਰੀ 7
ਰੂ-ਬ-ਰੂ 9
ਭਟਕਣ 11
ਸ਼ੁਕਰਾਨਾ 12
ਸਾਂਝ 12

ਕਵਿਤਾਵਾਂ

ਰੂਹ ਤੇ ਦਿਲ 13
ਚੁੱਪ 14
ਸੁਹਣੀ ਸੱਪਣੀ 15
ਵੈਲੇਨਟਾਇਨ ਡੇ 16
ਅਧਖਿੜੀ ਕਲੀ 17
ਆਵੋ ਨੱਚੀਏ ! 19
ਬੂਹੇ ਤੇ ਬਾਰੀਆਂ 20
ਕਾਲ਼ੀ ਗੁੱਤ 21
ਮਸੀਹਾ ਯਾਰ 22
ਰੁੱਠਿਆ ਸੱਜਣ 23
ਹੱਸਦਾ ਪਿਆਰ 24
ਨਸ਼ਾ ਇਸ਼ਕ ਦਾ 26
ਨਿਰਮੋਹੀ 28
ਪਹਿਲਾ ਪਿਆਰ 29
ਪਰਵਾਸੀ ਦੀ ਟੀਸ 30
ਰੱਬ ਤੇ ਮਨੁੱਖ 31
ਸ਼ੁਕਰਾਨਾ 32
ਯਾਦ 33
ਵੇ ਮੁੰਡਿਆ ! 34
ਵਿਰਸਾ ਤੇ ਭਵਿੱਖ 35
ਕੀ ਔਖਾ? ਕੀ ਸੌਖਾ? 37
ਵੈਨਕੂਵਰ ਦੀ ਬਾਰਿਸ਼ 38
ਭਾਂਬੜ 39
ਖੁਰਦੇ ਪਲ 40
ਇੱਛਾਧਾਰੀ ਸੱਪ 41
ਬਾਟਾ ਸਧਰਾਂ ਦਾ 42
ਰੂਹ ਦੀ ਮੌਤ 43
ਖੁਸ਼ੀਆਂ-ਖੇੜੇ 44
ਮਾਛੀਆ ਕਿੱਡ 45
ਮਾਏ! ਤੇਰੀ ਗਵਾਚੀ ਧੀ 47

ਦਾਮਨੀ ਦੇ ਨਾਮ 49
ਸਾਈਆਂ ! ਵੇ ਮੇਰਿਆ ਸਾਈਆਂ !! 51
ਗੱਲ ਕਰਨ ਤੋਂ ਪਹਿਲਾਂ 53
ਮੰਦਰ 54
ਹਲਾਕ ਕੌਣ ? ਸ਼ਹੀਦ ਕੌਣ ? 54
ਇਬਾਦਤ ਤੇ ਮੁਹੱਬਤ 55

ਗ਼ਜ਼ਲਾਂ

ਬਹਿ ਸੱਜਣਾ ! 56
ਇਕ ਚਿਹਰਾ 57
ਰਾਤੀਂ ਖੁਸ਼ੀਆਂ 58
ਹਰ ਚਿਹਰਾ 59
ਬੂੰਦ-ਬੂੰਦ ਕਰ ਕੇ 60
ਬਾਰ ਗਰਲ 61
ਬੰਦੇ ਦੇ ਹੱਥ ਕੀ ਰੱਖਿਆ ? 62
ਟੁੱਟਿਆ ਰਿਸ਼ਤਾ ਜਦੋਂ 63
ਜੰਗ ਮਾਰੇ ਸ਼ਬਦ ਦੀ ਹੁਣ 64
ਵਸਦਾ ਏਂ ਤੂੰ ਸਾਹਾਂ ਦੇ ਵਿਚ 65
ਸਾਹਾਂ ਨੂੰ ਜੋਗੀ ਤੂੰ ਬਣਾ 66
ਕੀ ਕਹਾਂ ? ਮੈਂ ਕੀ ਕਹਾਂ ? 67
ਤੂੰ ਜੋ ਟੁਰਿਆ ਨਾਲ਼ ਵੇ ! 68
ਬਣਕੇ ਮਨੁੱਖੀ ਬੰਬ ਉਹ 69
ਪੱਥਰੋ! ਕਿਉਂ ਅੱਜ ਮੈਨੂੰ ? 70
ਤਾਰਿਆਂ ਦੇ ਨਾਲ਼ 71
ਗੁਰੂਆਂ ਨੇ ਕਿੰਨਾ ਚੰਗਾ ! 72
ਮਨ ਮੇਰਾ ਇਕ ਚੰਚਲ ਬੰਦਰ 73
ਯੂਥੇਨੇਜ਼ੀਆ(ਸਵੈ-ਇੱਛਾ ਮੌਤ) 74
ਸੁਰਗ਼ ਲੋਚਦਾ ਮੁੰਡਾ 75
ਕੌਣ ? 76
ਨਵਾਂ ਯੁਗ 77
ਧਰਮ ਸੱਤਾ ਦੇ ਸੌਦਾਗਰ 78
ਪਾ ਪੈਰੀਂ ਤੇਰੇ ਝਾਂਜਰਾਂ 79
ਮਾਇਆ 80
ਸਧਰਾਂ ਦੀ ਰੂੰ 85
ਜਾਣ-ਪਹਿਚਾਨ 86

ਸਧਾਰਣਤਾ ਵਿਚ ਅਲੰਕਾਰਤਾ ਦੀ ਸ਼ਾਇਰੀ

ਬਹੁਤ ਮੁਸ਼ਕਿਲ ਹੁੰਦਾ ਹੈ ਕਾਗ਼ਜ਼ਾਂ ਦੇ ਥੱਬੇ ਵਿੱਚੋਂ ਕਵਿਤਾਵਾਂਭਾਲਣੀਆਂ ਤੇ ਹੋਰ ਵੀ ਮੁਸ਼ਕਿਲ ਹੁੰਦਾ ਹੈ,ਉਘੜੇ-ਦੁਘੜੇ ਸ਼ਬਦਾਂ ਨੂੰ ਇਕ ਚੰਗੀ ਕਵਿਤਾ ਦਾ ਰੂਪ ਦੇਣਾ ਜਦੋਂ ਇਸ ਤਰ੍ਹਾਂ ਦੀ ਮੁਸ਼ਕਿਲ ਕਿਸੇ ਨਾਮਵਰ ਲੇਖਕ ਦੇ ਅੱਗੇ ਆਉਂਦੀ ਹੈ ਤਾਂ ਬਹੁਤ ਵਾਰੀ ਉਹ ਹੱਥ ਖੜ੍ਹੇ ਕਰ ਦਿੰਦਾ ਹੈ ਅਤੇ ਖਰੜਾ ਰੂਪੀ ਕਾਗ਼ਜ਼ਾਂ ਦਾ ਥੱਬਾ ਸਬੰਧਿਤ ਲੇਖਕ ਨੂੰ ਮੋੜਕੇ f ਕਨਾਰਾ ਕਰ ਲੈਂਦਾ ਹੈ ਪਰ ਮੇਰੀ ਫ਼ਿਤਰਤ ਵਿਚ ਇਸ ਤਰ੍ਹਾਂ ਦੀ ਕਾਹਲ਼ੀ ਅਤੇ ਨਿਰਾਸਤਾ ਨਹੀਂ ਹੈ ਮੇਰੇ ਅੱਗੇ ਹਮੇਸ਼ਾ ਏਹੀ ਸੋਚ ਆ ਖਲੋਂਦੀ ਹੈ ਕਿ 'ਬਾਦਲ' ਕਦੇ ਤੂੰ ਵੀ ਤਾਂ ਕਚੇਰਾ ਅਤੇ ਅਗਿਆਨੀ ਹੁੰਦਾ ਸੈਂ ,(ਭਾਵੇਂ ਗਿਆਨੀ ਤਾਂ ਹੁਣ ਵੀ ਨਹੀਂ ਹਾਂ) ਫੇਰ ਇਹ ਵਤੀਰਾ ਇਸ ਲੇਖਕ ਨਾਲ਼ ਕਿਉਂ? ਬੱਸ ਏਸੇ ਸੋਚ ਨਾਲ਼ ਸਬੰਧਿਤ ਲੇਖਕ ਦੀਆਂ ਕਿਰਤਾਂ ਵਿੱਚੋਂ ਗੁਣ ਭਾਲਣੇ ਸ਼ੁਰੂ ਕਰ ਦਿੰਦਾ ਹਾਂ ਇਕ ਵਾਰ ਗੁਣ ਦਿਸਣੇ ਸ਼ੁਰੂ ਹੋ ਜਾਣ ਫਿਰ ਔਗਣ ਤਾਂ ਕਿਸੇ ਦਿਸਦਾ ਹੀ ਨਹੀਂ ਬਿਲਕੁਲ਼ ਏਹੀ ਕੁਝ ਵਾਪਰਿਆ ਜਦੋਂ ਹਰਦੇਵ ਅਸ਼ਕ ਜੀ ਨੇ 'ਰੂਹ ਤੇ ਦਿਲ' ਨਾਮੀ ਅਪਣੀ ਨਵੀਂ ਪੁਸਤਕ ਦਾ ਖਰੜਾ ਮੈਨੂੰ ਨਜ਼ਰਸਾਨੀ ਲਈ ਦਿੱਤਾ ਇਕ ਵਾਰ ਜਾਂ ਦੋ ਵਾਰ ਨਹੀਂ ਬਲਕਿ ਪੂਰੇ ਪੰਜ ਵਾਰ 'ਰੂਹ ਤੇ ਦਿਲ' ਦਾ ਖਰੜਾ ਮੇਰੇ ਅਤੇ ਅਸ਼ਕ ਜੀ ਦੇ ਵਿਚਾਲ਼ੇ ਘੁੰਮਦਾ ਰਿਹਾ ਕਦੇ ਕੋਈ ਸ਼ਿਅਰ ਮੈਨੂੰ ਠੀਕ ਨਾ ਲਗਦਾ ਤੇ ਕਦੇ ਕੋਈ ਸਤਰ ਅਸ਼ਕ ਜੀ ਦੇ ਮੇਚ ਨਾ ਆਉਂਦੀ ਖ਼ੈਰ! ਅੱਜ ਸੁਖ ਦਾ ਸਾਹ ਆਇਆ ਹੈ ਜਦੋਂ ਖਰੜੇ ਨੂੰ ਮੁਕੰਮਲ ਜਾਣਕੇ 'ਪੁਸਤਕ ਛਪਣ ਲਈ ਤਿਆਰ ਹੈ' ਉੱਤੇ ਸਹਿਮਤੀ ਹੋਈ ਹੈ ਅਤੇ ਇਹ ਮੁਖਬੰਦ ਨਾਮੀ ਸਤਰਾਂ ਲਿਖ ਰਿਹਾ ਹਾਂ

ਅਸ਼ਕ ਜੀ ਦੀਆਂ ਦੋ ਕਿਤਾਬਾਂ ਹਿੰਦੀ ਵਿਚ 'ਸਫ਼ਰ ਕੀ ਪਗ਼ਡੰਡੀਆਂ' ਅਤੇ 'ਸਮੇਂ ਕੇ ਸਾਏ' ਛਪ ਚੁਕੀਆਂ ਹਨ, ਤੀਸਰੀ ਪੁਸਤਕ ਪੰਜਾਬੀ ਵਿਚ ਤੁਹਾਡੇ ਹੱਥਾਂ ਵਿਚ ਹੈ ਜਿੰਨੀ ਸਾਦਗੀ ਮਿਜ਼ਾਜ ਵਿਚ ਹੈ,ਓਨੀ ਹੀ ਸਾਦਗੀ ਉਸਦੀ ਕਵਿਤਾ ਵਿਚ ਹੈ ਤੇ ਇਹੀ ਸਾਦਗੀ ਅਸ਼ਕ ਦਾ ਮੀਰੀ ਗੁਣ ਹੈ ਭਾਵੇਂ ਅਸ਼ਕ ਅਲੰਕਾਰਾਂ ਤੋਂ ਪਰਹੇਜ਼ ਹੀ ਕਰਦਾ ਹੈ ਪਰ ਜਦੋਂ ਉਸਦੀ ਕਲਮ ਦੀ ਨੋਕ ਵਿੱਚੋਂ ਕੋਈ ਸ਼ੇਅਰ ਨਿਕਲ਼ਦਾ ਹੈ ਤਾਂ ਹਰ ਸ਼ਬਦ ਵਿਚ ਕੋਈ ਨਾ ਕੋਈ ਅਲੰਕਾਰ ਛੁਪਿਆ ਹੁੰਦਾ ਹੈ, ਪਰ ਇਸ ਕੰਮ ਲਈ ਪਰਖ਼ ਵਾਲੀ ਨਜ਼ਰ ਚਾਹੀਦੀ ਹੈ, ਪਾਰਖ਼ੂ ਨਜ਼ਰ ਹੀ ਸਧਾਰਣਤਾ ਵਿੱਚੋਂ ਅਲੰਕਾਰਤਾ ਲੱਭ ਸਕਦੀ ਹੈ

ਕਵਿਤਾ ਦੇ ਨੌਂ ਰਸ ਜਾਂ ਰੰਗ ਮੰਨੇ ਜਾਂਦੇ ਹਨ ਅਸ਼ਕ ਦੀ ਕਵਿਤਾ ਵੱਖ-ਵੱਖ ਰੰਗਾਂ ਦਾ ਗੁਲ ਦਸਤਾ ਹੈ, - ਕੁਝ ਮਿਸਾਲਾਂ ਵੇਖੋ :-

1.

ਮਨ ਦੀ ਅੱਖ ਵਿਚ ਸੁਰਮਾ ਪਾ ਦੇ
ਮੈਨੂੰ ਅਪਣਾ ਨੂਰ ਵਿਖਾ ਦੇ (ਰੂਹਾਨੀਅਤ ਦਾ ਰੰਗ)

2.

ਕਾਲ਼ੇ ਵਾਲ਼ ਤੇ ਲਾਲ਼ ਪਰਾਂਦੀ
ਜਦੋਂ ਵੇਖਾਂ ਨਜ਼ਰ ਚਕਰਾਂਦੀ (ਪਿਆਰ ਵਿਚ ਸ਼ਿੰਗਾਰ ਰਸ ਦਾ ਰੰਗ)

3.

ਮਾਹੀ ਆ ਗਿਆ ਗਲ਼ੀ ਦੇ ਵਿਚ ਨਚਦਾ,
ਸੰਗਦੀ ਤੋਂ ਬੂਹਾ ਨਾ ਖੁਲ੍ਹੇ (ਪਿਆਰ ਵਿਚ ਸ਼ਰਸ਼ਾਰੀ ਦਾ ਰੰਗ)

4.

ਬੋਲ ਮਿੱਠੇ ਬੋਲੀਏ, ਨਾ ਕੁਫ਼ਰ ਕੋਈ ਘੋਲੀਏ,
ਜੰਗ ਮਾਰੇ ਸ਼ਬਦ ਦੀ ਹੁਣ, ਬੰਬਾਂ ਦੀ ਨਾ ਮਾਰਦੀ (ਸ਼ਾਨਤੀ-ਸੰਦੇਸ਼ ਦਾ ਰੰਗ)

5.

ਆਖਰ ਤੂੰ ਧਰਤੀ 'ਤੇ ਆਉਣਾ,
ਉੱਡ ਨਾ ਇੰਜ ਹਵਾਵਾਂ ਦੇ ਵਿਚ (ਹਕੀਕਤ ਦਾ ਰੰਗ)

6.

ਮਾਇਆ 'ਚ ਨੀਂਦ ਗੂੜ੍ਹੀ ,
ਇੰਜ 'ਅਸ਼ਕ' ਸੌਂ ਗਿਆ ਤੂੰ,
ਆਇਆ ਉਹ ਵਾਰ ਕਿੰਨੀ,
ਨਾ ਤੂੰ ਸਲਾਮ ਕੀਤਾ (ਬੇ-ਖ਼ਬਰੀ ਦਾ ਰੰਗ)

ਅਸ਼ਕ ਦੀ ਮੁੱਢਲੇ ਦੌਰ ਦੀ ਸ਼ਾਇਰੀ ਵਿਚ ਪਰੇਮ ਦਾ ਰੰਗ ਮਿਜ਼ਾਜੀ ਹੁੰਦੇ ਹੋਏ ਵੀ ਰੰਗੇ- ਹਕੀਕੀ ਦੇ ਮੇਚ ਦਾ ਹੈ, ਇਹੋ ਉਸਦੀ ਕਲਮ ਦਾ ਕਮਾਲ ਅਤੇ ਇਹੋ ਕਮਾਲ ਹੀ ਅਸ਼ਕ ਦਾ ਪਰੇਰਨਾ ਸਰੋਤ ਹੈ ਆਸ ਹੈ ਅਪਣੀ ਨਵੀਂ ਆਉਣ ਵਾਲ਼ੀ ਪੁਸਤਕ ਨਾਲ ਹਰਦੇਵ ਅਸ਼ਕ ਪੰਜਾਬੀ ਸਾਹਿਤ ਵਿਚ ਅਪਣੀ ਥਾਂ ਬਣਾ ਚੁੱਕਾ ਹੋਵੇਗਾ ਆਮੀਨ-----

ਗੁਰਦਰਸ਼ਨ ਬਾਦਲ
ਸਰ੍ਹੀ ਬੀ.ਸੀ. ਕੈਨੇਡਾ ਫ਼ੋਨ (604)572-7360

ਰੂ-ਬ-ਰੂ

ਦੋਸਤੋ !

ਆਪਦੇ ਸਾਹਮਣੇ ਅਪਣੀ ਪਹਿਲੀ ਰੁੱਝੇ ਹੋਣ ਕਾਰਣ, ਲਿਖਣਾ ਬਿਲਕੁਲ ਛੁੱਟ ਹੀ ਗਿਆ ਵੈਨਕੂਵਰ ਦੀ ਰਮਣੀਕ ਫਿਜ਼ਾ ਵਿਚ ਆਕੇ ਕਵੀ ਗੋਸ਼ਟੀਆਂ ਵਿਚ ਜਾਣ ਅਤੇ ਹਿੱਸਾ ਲੈਣ ਦਾ ਅਵਸਰ ਮਿਲ਼ਿਆ, ਜਿਸਤੋਂ ਮੈਨੂੰ ਅਪਣੀ ਮਾਂ-ਬੋਲੀ ਪੰਜਾਬੀ ਵਿਚਲਿਖਣ ਦੀ ਪਰੇਰਣਾ ਪੰਜਾਬੀ ਦੀ ਕਿਤਾਬ 'ਰੂਹ ਤੇ ਦਿਲ' ਪੇਸ਼ ਕਰਨ ਦਾ ਹੌਸਲਾ ਕਰ ਰਿਹਾ ਹਾਂ ਇਸ ਆਸ ਦੇ ਨਾਲ਼, ਕਿ ਖ਼ਾਮੀਆਂ ਦੇ ਬਾਵਜੂਦ, ਇਹ ਆਪਦੀ ਸੋਚ ਤੇ ਆਪਦੇ ਜਜ਼ਬਾਤਾਂ ਨਾਲ਼ ਜੁੜਕੇ ਕਦੇ ਮਿੱਠੀਆਂ ਗੱਲਾਂ ਕਰੇਗੀ ਅਤੇ ਕਦੇ ਆਪਨੂੰ ਝੰਜੋੜੇਗੀ ਇਸ ਵਿਚ ਕਵਿਤਾਵਾਂ, ਗੀ, ਗ਼ਜਲਾਂ ਅਤੇ ਦੋਹਿਆਂ ਦਾ ਸੁਮੇਲ ਹੈ ਜਿਹੜਾਮੇਰੀ ਜ਼ਿੰਦਗੀ ਦੇ ਕਾਲਜ ਤੋਂ ਲੈਕੇ ਹੁਣ ਤੀਕ ਦੇ ਹੋਏ ਲੰਮੇ ਸਫ਼ਰ ਦੀ ਤਰਜਮਾਨੀ ਕਰਦਾ ਹੈ ਇਹ ਸ਼ਰਾਰਤ, ਪਿਆਰ, ਪੂਜਾ, ਤੇ ਅੱਜ ਦੇ ਭਾਰਤ ਅਤੇ ਕੈਨੇਡਾ ਦੇ ਸਾਊਥ-ਏਸ਼ੀਅਨ ਭਾਈਚਾਰੇ ਦੇ ਹਾਲਾਤ ਨੂੰ ਦਰਸਾਂਦੀਆਂ ਰਚਨਾਵਾਂ ਦਾ ਗੁਲਦਸਤਾ ਹੈ ਇਸਦੇ ਕਿਸੇ ਨਾ ਕਿਸੇ ਫੁੱਲ ਦੀ ਖੁਸ਼ਬੂ ਨੇ ਜੇ ਆਪਨੂੰ ਸ਼ਰਸ਼ਾਰ ਕੀਤਾ ਤਾਂ ਸਮਝਾਂਗਾ ਕਿ ਮੇਰੀ ਮਿਹਨਤ ਸਫ਼ਲ ਹੋਈ

ਮੇਰੀ ਸਕੂਲ ਦੀ ਪੜ੍ਹਾਈ ਮੈਟਰਿਕ ਤਕ ਆਰੀਆ ਹਾਈ ਸਕੂਲ, ਪਟਿਆਲ਼ਾ ਵਿਚ ਹੋਈ ਪਹਿਲਾਂ ਹਿੰਦੀ ਵਿਚ ਲਿਖਣਾ ਸ਼ੁਰੂ ਕੀਤਾਅਤੇ ਮੇਰੀਆਂ ਦੋ ਕਿਤਾਬਾਂ 'ਸਫ਼ਰ ਕੀ ਪਗਡੰਡੀਆਂ' ਅਤੇ 'ਸਮੇਂ ਕੇ ਸਾਏ' ਛਪ ਚੁਕੀਆਂ ਹਨ ਮੇਰਾ ਪੰਜਾਬੀ ਭਾਸ਼ਾ ਦਾ ਗਿਆਨ ਸੀਮਤ ਹੈ ਅਤੇ ਇਨ੍ਹਾਂ ਰਚਨਾਵਾਂ ਤੇ ਹਿੰਦੀ ਦਾ ਅਸਰ ਹੈ ਲਿਖਣ ਦਾ ਸ਼ੌਕ ਤਾਂ ਕਾਲਿਜ ਦੇ ਦਿਨਾਂ ਤੋਂ ਹੀ ਸੀ ਪਰ ਉਸ ਵਿਚ ਅੱਲ੍ਹੜਪਨ ਸੀ ਫੇਰ ਵਿੰਡਸਰ ਯੂਨੀਵਰਸਿਟੀ ਕੈਨੇਡਾ ਤੋਂ ੰ.ਓ.ਸ਼ਚ ਤੇ ਵਾਟਰਲੂ ਤੋਂ ੰ.ਭ.ਓ., ਮੇਰੀ ਜ਼ਿੰਦਗੀ ਦੇ ਹਮਸਫ਼ਰ ਵਰਸ਼ਾ ਨਾਲ ਸ਼ਾਦੀ ਅਤੇ ਕੰਮ ਵਿਚ ਮਿਲ਼ੀ ਮੈਂ ਅਤਿ ਧੰਨਵਾਦੀ ਹਾਂ ਸਰ੍ਹੀ ਬੀ.ਸੀ. ਦੇ ਉੱਘੇ ਉਸਤਾਦ ਗ਼ਜ਼ਲਗੋਗੁਰਦਰਸ਼ਨ ਸਿੰਘ 'ਬਾਦਲ' ਜੀ ਦਾ, ਜਿਨ੍ਹਾਂ ਨੇ ਸਾਲਾਂ ਤੋਂ ਕੱਠੇ ਕੀਤੇ ਹੋਏ ਮੇਰੇ ਖਰੜੇ ਨੂੰ ਅਪਣੀ ਰਹਿਨੁਮਾਈ ਨਾਲ਼ ਇਕ ਪੁਸਤਕਦੀ ਸ਼ਕਲ ਦੇਣ ਵਿਚ ਸਹਾਇਤਾ ਕੀਤੀ ਸੱਚ ਪੁੱਛੋ, ਉਨ੍ਹਾਂ ਦੀ ਮਦਦ ਦੇ ਬਿਨਾ ਇਹ ਪਰੋਜੈਕਟ ਇਕ ਸੁਪਨਾ ਬਣਕੇ ਰਹਿ ਜਾਣਾ ਸੀ ਉਹਨਾਂ ਦੇ ਧੀਰਜ ਸਦਕਾ, ਮੈਨੂੰ ਆਪਣੀਆਂ ਖ਼ਾਮੀਆਂ ਦੂਰ ਕਰਕੇ, ਵਿਚਾਰ, ਅਪਣੇ ਸ਼ਬਦਾਂ ਵਿਚ ਬਿਆਨ ਕਰਨ ਦਾ ਅਵਸਰ ਮਿਲ਼ਿਆ ਅਤੇ ਜਿਵੇਂ ਉਹ

ਕਹਿੰਦੇ ਹਨ, ਇਹ ਖਰੜਾ 5-6 ਵੇਰ ਸਾਡੇ ਦੋਹਾਂ ਦੇ ਹੱਥੋਂ ਗੁਜ਼ਰਨ ਤੋਂ ਬਾਅਦ ਹੀ ਇਹ ਪੁਸਤਕ ਹੋਂਦ ਵਿਚ ਆਈ

ਕੁਝ ਅਪਣੀ ਮਨਪਸੰਦ ਪੇਸ਼ ਕਰਦਾ ਹੋਇਆ,ਆਪ ਤੋਂ ਇਜਾਜ਼ਤ ਲੈਂਦਾ ਹਾਂ----

'ਤੇਰਾ ਮੇਰਾ ਰਿਸ਼ਤਾ ਕੀ'? ਇਹ ਦਸ ਤਾਂ ਆਖਰ ,
ਦਿਹ ਸਮਝਣ ਦੀ ਨਾਲ਼ੇ , ਅਕਲ ਵੇ ਸਾਈਆਂ !!

ਹਰਦੇਵ ਸੋਢੀ 'ਅਸ਼ਕ'
3360 ਜੈਸਮੌਂਡ ਐਵੀਨਿਯੂ, ਰਿਚਮੰਡ ਬੀ. ਸੀ.
ਕੈਨੇਡਾ, V7E1C3□
Phone/Fax : 604-275-3166
Email : hardev2000@yahoo.com

ਭਟਕਣ

ਦਿਲ ਵਿਚ ਬੇਹਾਲੀ ਏ ,
ਰੂਹ ਰਹਿੰਦੀ ਸਵਾਲੀ ਏ
ਰੱਬਾ ! ਮੈਨੂੰ ਰਸਤਾ ਦੇ ,
ਘਰ ਜਾਣ ਦੀ ਕਾਹਲੀ ਏ



ਸ਼ੁਕਰਾਨਾ

ਰੂਹ ਨੂੰ ਤਮੰਨਾ ਸਾਈਂ ਦੀ ,
ਦਿਲ ਨੂੰ ਸਜਣਾ ! ਤੇਰੀ ਏ
'ਅਸ਼ਕ' ਕੀ ਮੰਗੇ ਰਬ ਤੋਂ ਹੋਰ ?
ਕਿੰਨੀ ਚੰਗੀ ਕਿਸਮਤ ਮੇਰੀ ਏ

ਸਾਂਝ

ਕਿੰਝ ਦੀ ਹੈ 'ਅਸ਼ਕ' ਸਾਂਝ, ਸਾਹ ਦੀ ਦੋਹਾਂ ਦੇ ਨਾਲ ?
ਮੌਤ ਹਮ-ਸਫ਼ਰ ਓਧਰ,ਇੱਥੇ ਹਮ-ਸਾਇਆ ਜ਼ਿੰਦਗੀ

ਰੂਹ ਤੇ ਦਿਲ

ਦਿਲ ਵਿਚ ਬੇਹਾਲੀ ਏ
ਰੂਹ ਰਹਿੰਦੀ ਸਵਾਲੀ ਏ
ਰੱਬਾ! ਮੈਨੂੰ ਰਸਤਾ ਦੇ
ਘਰ ਜਾਣ ਦੀ ਕਾਹਲੀ ਏ

ਮਨ ਦੀ ਅੱਖ ਵਿਚ ਸੁਰਮਾ ਪਾ ਦੇ
ਮੈਨੂੰ ਅਪਨਾ ਨੂਰ ਵਿਖਾ ਦੇ
ਜੋ ਕਹਿੰਦੇ ਨਹੀ ਵਸਦਾ ਕਿਤੇ ਵੀ
ਘਰ ਉਨ੍ਹਾਂ ਦੇ ਚਾਨਣ ਪਾ ਦੇ
ਮੰਦਰ ਜਾਇਆਂ ਕੁਝ ਨਹੀ ਲੱਭਦਾ
ਮਸਜ਼ਿਦ ਵੀ ਖਾਲੀ ਏ

ਕਦੋਂ ਮੇਰਾ ਆਰੰਭ ਤੂੰ ਕੀਤਾ ?
ਕਿਹੜੀ ਜੂਨ ਅੱਗੇ ਮੈਂ ਜਾਣਾ ?
ਮੈਂ ਤੇਰੇ ਹੱਥੀਂ ਕਠ-ਪੁਤਲੀ
ਕਿਵੇਂ ਅਪਣਾ ਆਪ ਪਛਾਣਾ ?
ਮੋਹ ਮਾਇਆ ਵਿਚ ਫ਼ਸਿਆ
ਜਦ ਤੋਂ ਹੋਸ਼ ਸੰਭਾਲੀ ਏ ----
ਕੋਈ ਕਾਬੇ ਵੱਲ ਸੀਸ ਨਿਵਾਂਦਾ
ਕੋਈ ਮੰਦਰ ਵਿਚ ਟੱਲ ਵਜਾਂਦਾ
ਕੋਈ ਸਾਕੀ ਦੇ ਤਰਲੇ ਕੱਢ ਕੇ
ਪਲ ਦੋ ਪਲ ਲਈ ਪਿਆਸ ਬੁਝਾਂਦਾ
ਜਿਸ ਰਸ ਲਈ ਇਹ ਰੂਹ ਤਰਸੇ
ਉਹ ਪਿਆਲਾ ਖਾਲੀ ਏ

ਹਰ ਕੋਈ ਆਸ ਦੀ ਰਾਹ 'ਤੇ ਟੁਰਿਆ
ਕੋਈ ਅੱਗੋਂ, ਕੋਈ ਭੌਂ ਕੇ ਮੁੜਿਆ
ਹੱਥ ਪੈਰ ਤਾਂ ਮਾਰੇ ਸਭ ਨੇ
ਵਕਤ ਕਿਸੇ ਦੇ ਨਾਲ਼ ਨਾ ਜੁੜਿਆ
'ਅਸ਼ਕ' ਮੱਤਾਂ ਕੀ ਕਿਸੇ ਨੂੰ ਦੇਵੇ
ਉਹ ਤਾਂ ਆਪ ਸਵਾਲੀ ਏ

ਚੁੱਪ

ਹੌਲ਼ੀ -ਹੌਲ਼ੀ ਜਾਂਦੇ -ਜਾਂਦੇ
ਤੁਸਾਂ ਬੋਲੀ ਸਾਨੂੰ ਪਾਈ
ਜਿਹਦੀ ਖ਼ਾਤਰ ਉਮਰ ਗੁਜ਼ਰ ਗਈ
ਉਹ ਚੁੱਪ ਤੁਸਾਂ ਮੁਕਾਈ
ਦੋ ਫੁੱਲ ਮੇਰੀ ਕਬਰ 'ਤੇ ਰੱਖ ਕੇ
ਜਦੋਂ ਕਿਹਾ 'ਸ਼ੁਦਾਈ'
ਗਿਲਾ 'ਅਸ਼ਕ' ਦਾ ਰੱਬ ਤੋਂ ਟਲ਼ਿਆ
ਰੂਹ ਉਹਦੀ ਮੁਸਕਾਈ

ਸੁਹਣੀ ਸੱਪਣੀ

ਸੁਹਣੀ ਸੱਪਣੀ ਨੇ ਡੰਗ ਮੈਨੂੰ ਮਾਰਿਆ
ਮੰਤਰ ਯਾਦ ਨਾ ਆਵੇ
ਉਹਦਾ ਜ਼ਹਿਰ ਨਾ ਜਾਵੇ ਉਤਾਰਿਆ
ਮੰਤਰ ਯਾਦ ਨਾ ਆਵੇ

ਕਾਲ਼ੇ ਵਾਲ਼ ਤੇ ਲਾਲ ਪਰਾਂਦੀ
ਜਦੋਂ ਵੇਖਾਂ ਨਜ਼ਰ ਚਕਰਾਂਦੀ
ਰੀਝਾਂ ਨਾਲ਼ ਰੱਬ ਨੇ ਉਸਾਰਿਆ
ਮੰਤਰ ਯਾਦ ਨਾ ਆਵੇ

ਮਸਤ ਅੱਖਾਂ, ਗੱਲ੍ਹਾਂ 'ਤੇ ਲਾਲੀ
ਸਾਕੀ ਬਣੀ ਏ ਆਪ ਪਿਆਲੀ
ਉਹਨੂੰ ਕੀਹਨੇ ਬੋਤਲ'ਚ ਉਤਾਰਿਆ ?
ਮੰਤਰ ਯਾਦ ਨਾ ਆਵੇ

ਸੋਹਣੀ ਸੰਗਦੀ, ਹੀਰ ਪਾਣੀ ਭਰਦੀ
ਸਾਹਿਬਾਂ ਕੋਲ ਨਾ ਜਾਵੇ ਡਰਦੀ
ਉਹਨੇ ਨੱਚ-ਨੱਚ 'ਅਸ਼ਕ' ਵੰਗਾਰਿਆ
ਮੰਤਰ ਯਾਦ ਨਾ ਆਵੇ

ਵੈਲੇਨਟਾਇਨ ਡੇ

ਵਕਤ ਗੁਜ਼ਰਦਾ ਰਿਹਾ ਹੈ
ਗੁਜ਼ਰਦਾ ਰਵ੍ਹੇਗਾ
ਕਦੇ ਧੁੱਪ ਚੜ੍ਹੇਗੀ
ਕਦੇ ਮੀਂਹ ਵਰ੍ਹੇਗਾ

ਉਹ ਸ਼ਗਨਾਂ ਦੀ ਰਾਤ
ਜਦੋਂ ਤੂੰ ਮੇਰੀ ਬਣਕੇ ਆਈ
ਰਬ ਦੇ ਕਰਮ ਦੀ ਬਦੌਲਤ
ਰੰਗ ਜ਼ਿੰਦਗੀ ਦਾ ਨਿਖਰਦਾ ਰਵ੍ਹੇਗਾ

ਪਲਕਾਂ ਤੋਂ ਆਇਆ
ਤੇਰੀ, ਰੁੱਸੀ ਅੱਖ ਦਾ ਉਲਾਂਭਾ
ਮੇਰੀ ਹਰ ਨਾਂਹ ਨੂੰ
ਹਾਂ ਵਿਚ ਬਦਲਦਾ ਰਵ੍ਹੇਗਾ

ਕਦੇ ਪਾੜ ਪਏ
ਜੋ ਦਿਲਾਂ ਵਿਚ
'ਅਸ਼ਕ' ਬਣਕੇ ਦੀਵਾਰ
ਹੜ੍ਹਾਂ ਨੂੰ ਠੱਲਦਾ ਰਵ੍ਹੇਗਾ

ਅਧਖਿੜੀ ਕਲੀ

ਮਾਲੀ ! ਕਿੰਜ ਤੈਨੂੰ ਪਿਆਰ ਕਰਾਂ ?
ਤੂੰ ਏਂ ਬੜਾ ਹਰਜਾਈ ਵੇ !
ਅੱਜ ਮੇਰੀ ਸਾਥਣ ਚੁਣ ਲਈ
ਕੱਲ੍ਹ ਮੇਰੀ ਵਾਰੀ ਆਈ ਵੇ

ਜਦੋਂ ਰੋਜ਼ ਸਵੇਰੇ ਆਨਾ ਏਂ
ਇਕ ਨਵਾਂ ਗੀਤ ਸੁਣਾਨਾ ਏਂ
ਮੈਂ ਦਿਲ ਅਪਣਾ ਪਰਚਾ ਲੈਂਦੀ
ਤੇ ਫਿਰ ਭਰਮਾਂ ਵਿਚ ਪੈ ਜਾਂਦੀ
ਸ਼ਾਇਦ ਮੈਂ ਖ਼ੁਦੀ ਗਵਾਈ ਵੇ !
ਤਾਹੀਉ ਮੈਂ ਤੈਨੂੰ ਭਾਈ ਵੇ ! ਮਾਲੀ --

ਜਦੋਂ ਸਧਰਾਂ ਨਾਲ਼ ਤੂੰ ਵੇਹਨਾਂ ਏਂ
ਅਪਣੇ ਹੱਥਾਂ ਵਿਚ ਲੈਨਾਂ ਏਂ
ਮੈਂ ਨਾਲ਼ ਸ਼ਰਮ ਦੇ ਮਰ ਜਾਂਦੀ
ਤੇ ਫਿਰ ਭਰਮਾਂ ਵਿਚ ਪੈ ਜਾਂਦੀ
ਸ਼ਾਇਦ ਤੂੰ ਮੇਰਾ ਰਹਿਬਰ ਵੇ !
ਸ਼ਾਇਦ ਤੂੰ ਮੇਰਾ ਦਿਲਬਰ ਵੇ ! ਮਾਲੀ --

ਜਦੋਂ ਬੁਲ੍ਹੀਆਂ ਵਿਚ ਮੁਸਕਾਨਾ ਏਂ
ਦਿਲ ' ਤੇ ਜਾਦੂ ਕਰ ਜਾਨਾ ਏਂ
ਮੈਂ ਰੋਂਦੀ-ਰੋਂਦੀ ਹੱਸ ਪੈਂਦੀ
ਤੇ ਫਿਰ ਭਰਮਾਂ ਵਿਚ ਪੈ ਜਾਂਦੀਂ
ਸ਼ਾਇਦ ਤੂੰ ਮੇਰਾ ਜਾਨੀ ਵੇ !
ਸ਼ਾਇਦ ਤੂੰ ਮੇਰੀ ਕਹਾਣੀ ਵੇ ! ਮਾਲੀ--

ਜਦੋਂ ਚੀਖ ਸੁਣੀ ਇਕ ਸਾਥਣ ਦੀ
ਕਿਸੇ ਅਲ੍ਹੜ ਹੋਰ ਅਭਾਗਣ ਦੀ
ਖਾਬਾਂ ਦੇ ਜਿੰਦਰੇ ਟੁੱਟ ਗਏ
ਸਭ ਭਰਮ ਮੇਰੇ ਨੇ ਛੁੱਟ ਗਏ
ਤੂੰ ਤਾਂ ਝੂਠਾਂ ਦਾ ਪਸਾਰਾ ਵੇ !
ਤੂੰ ਨਹੀਓਂ ਮੇਰਾ ਸਹਾਰਾ ਵੇ ! ਮਾਲੀ --

****ਆਧਾਰ - ਇਕ ਟੀਵੀ ਦੀ ਖਬਰ ਕਿਵੇਂ ਨੌਜਵਾਨ ਕੁੜੀਆਂ ਨੂੰ ਦਲਾਲ ਵਰਗਲਾਕੇ ਜਿਸਮ ਦਾ ਵਿਉਪਾਰ ਕਰਣ ਲਈ ਮਜਬੂਰ ਕਰਦੇ ਹਨ*

ਆਵੋ ਨੱਚੀਏ !

ਮਾਹੀ ਆ ਗਿਆ ਗਲ਼ੀ ਦੇ ਵਿਚ ਨਚਦਾ
ਸੰਗਦੀ ਤੋਂ ਬੂਹਾ ਨਾ ਖੁਲ੍ਹੇ

ਮੈਨੂੰ ਵੇਖ ਅੱਖਾਂ ਦੇ ਵਿਚ ਹਸਦਾ
ਸੰਗਦੀ ਤੋਂ ਬੂਹਾ ਨਾ ਖੁਲ੍ਹੇ

ਸੁਹਣਾ ਲਗਦਾ ਬੜਾ ਹੀ ਪਿਆਰਾ
ਸੰਗਦੀ ਤੋਂ ਬੂਹਾ ਨਾ ਖੁਲ੍ਹੇ

ਭੈੜਾ ਵੇਖਦਾ ਏ ਜਗ ਪਿਆ ਸਾਰਾ
ਸੰਗਦੀ ਤੋਂ ਬੂਹਾ ਨਾ ਖੁਲ੍ਹੇ

ਰਾਹ ਵੇਖਾਂ ਬਾਰੀ ਦੇ ਵਿੱਚੋਂ ਲੁਕ ਕੇ
ਸੰਗਦੀ ਤੋਂ ਬੂਹਾ ਨਾ ਖੁਲ੍ਹੇ

ਰੱਖ ਲਵਾਂ ਬੁੱਕਲ ਵਿੱਚ ਚੁੱਕ ਕੇ
ਸੰਗਦੀ ਤੋਂ ਬੂਹਾ ਨਾ ਖੁਲ੍ਹੇ ----

ਜਦੋਂ ਲੰਘਦਾ ਗਲੀ ਵਿੱਚੋਂ ਖੰਘ ਕੇ
ਸੰਗਦੀ ਤੋਂ ਬੂਹਾ ਨਾ ਖੁਲ੍ਹੇ

ਭੱਜੀ ਆਵਾਂ ਮੈਂ ਕੰਮ ਸਾਰੇ ਛਡ ਕੇ
ਸੰਗਦੀ ਤੋਂ ਬੂਹਾ ਨਾ ਖੁਲ੍ਹੇ

ਮੇਰੇ ਰਾਂਝਿਆ! ਸਾਡੀ ਪਰੀਤ ਕੁਆਰੀ
ਸੰਗਦੀ ਤੋਂ ਬੂਹਾ ਨਾ ਖੁਲ੍ਹੇ

ਤੂੰ ਹੀ ਕਰ ਕੁਝ, ਹੀਰ ਤਾਂ ਹਾਰੀ
ਸੰਗਦੀ ਤੋਂ ਬੂਹਾ ਨਾ ਖੁਲ੍ਹੇ

ਬੂਹੇ ਤੇ ਬਾਰੀਆਂ

ਕਿਤੇ ਲਾ ਲਈਆਂ ਸਜਣਾਂ ਨੇ ਯਾਰੀਆਂ
ਬੰਦ ਕਰ ਲੀਤੀਆਂ ਬੂਹੇ ਤੇ ਬਾਰੀਆਂ

ਨੰਗੇ ਪੈਰ ਕਦੇ ਉਹ ਕੋਠੇ 'ਤੇ ਆਂਦੇ ਸੀ ,
ਕਰਕੇ ਇਸ਼ਾਰਾ ਉੱਤੇ ਬੁਲਾਂਦੇ ਸੀ ,
ਲੁਕ-ਛਿਪ ਕੱਠੇ ਰਾਤਾਂ ਗੁਜ਼ਾਰੀਆਂ
ਬੰਦ ਕਰ ਲੀਤੀਆਂ ਬੂਹੇ ਤੇ ਬਾਰੀਆਂ

ਪਿਆਰ ਦਾ ਭੁਲੇਖਾ ਅਸੀਂ ਖਾਂਦੇ ਰਹੇ ,
ਤੇਰੀਆਂ ਮੁਹੱਬਤਾਂ ਦੇ ਗੀਤ ਗਾਂਦੇ ਰਹੇ ,
ਰੀਝਾਂ ਸਾਰੀਆਂ ਤੇਰੇ ਉਤੇ ਵਾਰੀਆਂ
ਬੰਦ ਕਰ ਲੀਤੀਆਂ ਬੂਹੇ ਤੇ ਬਾਰੀਆਂ

ਵੈਰੀਆ! ਦਿਲੋਂ ਤੇਰੀ ਯਾਦ ਨਾ ਜਾਵੇ ,
ਕਿੱਥੇ ਗਏ ਤੇਰੇ ਪਿਆਰ ਦੇ ਦਾਅਵੇ ?
ਭੁੱਲੇ ਤੈਨੂੰ ਵਾਅਦੇ, ਕਸਮਾਂ ਵਿਸਾਰੀਆਂ
ਬੰਦ ਕਰ ਲੀਤੀਆਂ ਬੂਹੇ ਤੇ ਬਾਰੀਆਂ ---

ਸ਼ਾਲਾ! ਖੁਸ਼ ਰਵ੍ਹੇਂ, ਜਿੱਥੇ ਵੀ ਜਾਵੇਂ ਤੂੰ ,
ਗੀਤ ਸਾਡੇ ਪਿਆਰਾਂ ਦੇ ਹੀ ਗਾਵੇਂ ਤੂੰ ,
ਰੱਬ ਤੈਨੂੰ ਦੇਵੇ ਮਹਲ-ਮਾੜੀਆਂ
ਬੰਦ ਕਰ ਲੀਤੀਆਂ ਬੂਹੇ ਤੇ ਬਾਰੀਆਂ

**** ਆਧਾਰ- ਇਕ ਪਾਕਿਸਤਾਨੀ ਡਰਾਮਾ*
' ਬੂਹੇ ਤੇ ਬਾਰੀਆਂ ' ਦੇ ਨਾਮ ਤੋਂ ਸੁੱਝਿਆ

ਕਾਲ਼ੀ ਗੁੱਤ

ਕਾਲ਼ੀ ਗੁੱਤ ਦਾ ਪਰਾਂਦਾ
ਨਾ ਖੋਲ੍ਹ ਬੱਲੀਏ !
ਜਾਵੇ ਸੱਜਣਾਂ ਦਾ ਦਿਲ
ਨਾ ਡੋਲ ਝੱਲੀਏ !!

ਪੀਲ਼ਾ ਪਰਾਂਦਾ ਜਦੋਂ
ਗੁੱਤ ਵਿਚ ਪਾਵੇਂ
ਝਨਾਂ 'ਤੇ ਨੱਚਦਾ
ਸੂਰਜ ਚੜ੍ਹਾਵੇਂ
ਇਹ ਸਧਰਾਂ ਦਾ ਸੂਰਜ
ਨਾ ਬਟੋਰ ਬੱਲੀਏ !
ਜਾਵੇ ਸੱਜਣਾਂ ਦਾ ਦਿਲ
ਨਾ ਡੋਲ ਝੱਲੀਏ !! ---

ਲਾਲ ਪਰਾਂਦਾ ਜਦੋਂ
ਗੁੱਤ ਵਿਚ ਪਾਵੇਂ
ਸਧਰਾਂ ਦੇ ਬਾਗਾਂ'ਚ
ਫੁੱਲ ਇਸ਼ਕ ਦਾ ਲਾਵੇਂ
ਇਹ ਇਸ਼ਕ ਦਾ ਫੁੱਲ
ਨਾ ਤੋੜ ਬੱਲੀਏ !
ਜਾਵੇ ਸੱਜਣਾਂ ਦਾ ਦਿਲ
ਨਾ ਡੋਲ ਝੱਲੀਏ !!

ਕਾਲ਼ਾ ਪਰਾਂਦਾ ਜਦੋਂ
ਗੁੱਤ ਵਿਚ ਪਾਵੇਂ
ਬਣ ਬੀਨ ਤੂੰ ਕਾਲ਼ੀ
ਸੱਪਣੀ ਨਚਾਵੇਂ
ਝੱਲੀ ਜਾਵੇ ਨਾ
ਤੇਰੀ ਟੋਰ ਬੱਲੀਏ !
ਜਾਵੇ ਸੱਜਣਾਂ ਦਾ ਦਿਲ
ਨਾ ਡੋਲ ਝੱਲੀਏ !!

ਮਸੀਹਾ ਯਾਰ

ਸੁਹਣੇ ਰੱਬਾ ਮੇਰਿਆ !
ਦਿਲ ਵਿਚ ਉਸਦਾ ਨਾਂ
ਤੈਨੂੰ ਜਪਣਾ ਭੁੱਲ ਗਈ
ਜਦ ਯਾਦ ਆਇਆ ਉਹ ਨਾਂ

ਪਰੇਮ ਤੇ ਪੂਜਾ ਇਕ-ਮਿਕ ਹੋਏ
ਬਣਿਆ ਯਾਰ ਮਸੀਹਾ
ਮੰਦਰ, ਮਸਜ਼ਿਦ ਜਿੱਥੇ ਜਾਵਾਂ
ਵੇਖਾਂ ਉਹਦਾ ਚਿਹਰਾ
ਮਾਫ਼ ਕਰੀਂ, ਘਰ ਤੇਰੇ ਆ ਕੇ
ਭੁੱਲੀ ਤੇਰਾ ਨਾਂ

ਨਾ ਮੈਂ ਕਮਲ਼ੀ ਨਾ ਮੈਂ ਰਮਲ਼ੀ
ਮੈਨੂੰ ਕੁਝ ਨਹੀਂ ਹੋਇਆ
ਧਿਆਨ ਕਰਾਂ ਤੇਰਾ ਤਾਂ ਲੱਗੇ
ਉਹ ਹੈ ਆਣ ਖਲੋਇਆ
ਮਾਫ਼ ਕਰੀਂ, ਘਰ ਤੇਰੇ ਆ ਕੇ
ਭੁੱਲੀ ਤੇਰਾ ਨਾਂ ---

ਕਾਜ਼ੀ ਜੀ! ਮੈਨੂੰ ਕੁਝ ਨਾ ਆਖੋ
ਪੰਡਤ ਜੀ !ਮੈਨੂੰ ਮਾਫ਼ ਕਰੋ
ਉਹਦੀ ਪੂਜਾ,ਰੱਬ ਦੀ ਪੂਜਾ
ਥੋੜਾ ਜਿਹਾ ਇਨਸਾਫ ਕਰੋ
ਮਾਫ਼ ਕਰੀਂ,ਘਰ ਤੇਰੇ ਆ ਕੇ
ਭੁੱਲੀ ਤੇਰਾ ਨਾਂ
ਸੁਹਣੇ ਰੱਬਾ ਮੇਰਿਆ---

ਰੁੱਠਿਆ ਸੱਜਣ

ਬਾਰੀ ਬੈਠਾ ਸੱਜਣ ਮੇਰਾ
ਥੱਲੇ ਨਾ ਆਵੇ
ਨਾ ਮੈਂ ਹੱਸਾਂ, ਨਾ ਉਹ ਬੋਲੇ
ਕੀਹਨੂੰ ਕੌਣ ਮਨਾਵੇ ?

ਬੁੱਲ੍ਹੀਆਂ ਵਿਚ ਮੁਸਕਾਂਦੀ
ਮੈਂ ਕੋਲ਼ ਨਾ ਜਾਵਾਂ
ਦਿਲ ਤੇ ਕਰਦੈ ਕੰਮ ਸਾਰੇ ਛੱਡ ਕੇ
ਗਲ਼-ਵਕੜੀ ਜਾ ਪਾਵਾਂ

ਗੁੱਸੇ ਵਿਚ ਉਹ
ਚੰਦਰਾ ਹਰਜਾਈ
ਦਿਲ ਨੂੰ ਹੋਰ ਲੁਭਾਵੇ

ਨਾ ਮੈਂ ਹੱਸਾਂ, ਨਾ ਉਹ ਬੋਲੇ ----

ਹੱਸਦਾ ਪਿਆਰ

ਮੈ ਨਹੀਂ ਕਹਿੰਦਾ
ਮੈ ਨਹੀਂ ਕਹਿੰਦਾ, ਜਗ ਕਹਿੰਦਾ
ਤੇਰੀਆਂ ਅੱਖਾਂ 'ਚ
ਮੇਰਾ ਰੱਬ ਰਹਿੰਦਾ

ਪਿਆਰ ਦਾ ਅਵੱਲਾ
ਜਦੋਂ ਰੋਗ ਲੱਗਿਆ
ਕੰਨ ਪੜਵਾਏ ਰਾਂਝੇ
ਮੱਝੀਆਂ ਪਿੱਛੇ ਭੱਜਿਆ
ਹੀਰ ਦਾ ਉਹ ਸਦਾ ਹੀ
ਸ਼ੁਦਾਈ ਰਹਿੰਦਾ

ਇਸ਼ਕ ਦੇ ਮਰੀਜ਼ ਦਾ
ਜੋੜ ਕੋਈ ਨਾ
ਉਸਨੂੰ ਦਵਾ ਦੀ
ਲੋੜ ਕੋਈ ਨਾ
ਦਰਦਾਂ ਨੂੰ ਹਿੱਕ ਨਾਲ਼
ਲਾਈ ਰਹਿੰਦਾ ---

ਜਦੋਂ ਦਾ ਤੂੰ ਆਪਣਾ
ਰੁਮਾਲ ਸੁੱਟਿਆ
ਜੋਗੀਆਂ ਨੇ ਅਪਣਾ
ਡੇਰਾ ਹੈ ਛੱਡਿਆ
ਪੀਰ ਉਨ੍ਹਾਂ ਕੋਈ ਨਾ
ਸੁਝਾਈ ਪੈਂਦਾ

ਸੁਣਿਆ ਕੱਲ ਤੂੰ
ਗਲ਼ੀ 'ਚ ਆਈ ਸੀ
ਯਾਰ ਮੇਰਾ ਕਿੱਥੇ ਹੈ
ਦੁਹਾਈ ਪਾਈ ਸੀ
ਨਾ ਵੈਰੀ ਲੋਕਾਂ ਦੱਸਿਆ

ਮੈਂ ਕਿਥੇ ਰਹਿੰਦਾ

ਨਸ਼ਾ ਇਸ਼ਕ ਦਾ

ਮੈਨੂੰ ਨਸ਼ਾ ਇਸ਼ਕ ਦਾ ਚੜ੍ਹਿਆ
ਇਹ ਰੋਗ ਅਵੱਲਾ ਅੜਿਆ !
ਮੈਂ ਭੁੱਲੀ ਰਾਹ ਕਾਬੇ ਦੀ
ਜਦੋਂ ਪੱਲਾ ਤੇਰਾ ਫੜਿਆ

ਕੀ ਪੰਡਤ ਤੇ ਕੀ ਮੁੱਲਾਂ
ਨਾ ਬਖਸ਼ਣ ਮੇਰੀਆਂ ਭੁੱਲਾਂ
ਗੀਤਾ ਦੀ ਪੋਥੀ ਛੱਡੀ
ਭੁੱਲੀਆਂ ਕੁਰਾਨ ਦੀਆਂ ਗੱਲਾਂ
ਮੈਨੂੰ ਨਸ਼ਾ ਇਸ਼ਕ ਦਾ ਚੜ੍ਹਿਆ ---

ਮਾਂ ਕੰਨ ਵਿਚ ਮੰਤਰ ਫੂਕੇ
ਪਿਉ ਦੀਵਾ ਰੋਜ਼ ਜਲ਼ਾਵੇ
ਕੀ ਜਾਦੂ ਚੜ੍ਹਿਆ ਮੈਨੂੰ
ਨਾ ਸਮਝ ਕਿਸੇ ਨੂੰ ਆਵੇ
ਮੈਨੂੰ ਨਸ਼ਾ ਇਸ਼ਕ ਦਾ ਚੜ੍ਹਿਆ ---

ਮੈਨੂੰ ਕਮਲੀ ਕੋਈ ਨ ਆਖੇ
ਨਾ ਕਰੇ ਮੇਰੀ ਦਿਲਜੋਈ
ਕੋਈ ਮੇਰਾ ਰਾਂਝਾ ਬਣਿਆ
ਮੈਂ ਹੀਰ ਕਿਸੇ ਦੀ ਹੋਈ
ਮੈਨੂੰ ਨਸ਼ਾ ਇਸ਼ਕ ਦਾ ਚੜ੍ਹਿਆ ---

ਕੀ ਮੱਸਿਆ, ਪੂਰਨਮਾਸ਼ੀ
ਬਿਨ ਸਜਣਾਂ ਰਹੇ ਉਦਾਸੀ
ਉਹ ਆਵੇ ਚੰਨ ਚੜ੍ਹ ਜਾਵੇ
ਬਿਨ ਉਹਦੇ ਰਹਾਂ ਨਿਰਾਸੀ
ਮੈਨੂੰ ਨਸ਼ਾ ਇਸ਼ਕ ਦਾ ਚੜ੍ਹਿਆ---

ਹੁਣ ਹੋਰ ਸਬਰ ਨਾ ਹੋਵੇ
ਬਿਨ ਤੇਰੇ ਮੇਰਾ ਦਿਲ ਰੋਵੇ
ਚਲ ਆ ਜਾ ਛਡ ਸਰਕਾਰਾਂ
ਆਪਾਂ ਨੱਚੀਏ ਵਿਚ ਬਜ਼ਾਰਾਂ
ਮੈਨੂੰ ਨਸ਼ਾ ਇਸ਼ਕ ਦਾ ਚੜ੍ਹਿਆ---

ਨਿਰਮੋਹੀ

ਪੀੜ ਦਿਲਾਂ ਨੂੰ ਦੇ ਗਿਆ
ਜੋ ਸੀ ਦਿਲਬਰ ਬਣਿਆ
ਕੀ ਹੋਰ ਕਿਸੇ ਨੂੰ ਆਖਾਂ ?
ਮੇਰਾ ਸੱਜਣ ਕਾਫ਼ਰ ਬਣਿਆ

ਮੈਂ ਭੱਜਕੇ ਮਨਾ ਲਾਂ ਯਾਰ ਨੂੰ
ਉਹ ਕਿਤੇ ਨਜ਼ਰ ਤਾਂ ਆਵੇ
ਛੱਡ ਗਿਆ ਪਿੰਡ ਦੀਆਂ ਵਾਟਾਂ
ਉਹਦਾ ਦੂਰ ਟਿਕਾਣਾ ਬਣਿਆ

ਨਾ ਹੱਥਾਂ ਦੀ ਮਹਿੰਦੀ ਲੱਥੀ
ਨਾ ਸ਼ਗਨਾਂ ਦਾ ਚੂੜਾ
ਰਾਤ ਗੁਜ਼ਾਰੀ ਵਿਚ ਉਡੀਕਾਂ
ਉਹ ਕੀਹਦਾ ਰਹਿਬਰ ਬਣਿਆ ?

ਦਿਲ ਵਿਚ ਲਹਿਰਾਂ ਨੂੰ ਲੈ
ਮੈਂ ਵਾਂਗ ਨਦੀ ਸੀ ਆਈ
ਤੂਫ਼ਾਨਾਂ ਦੀ ਉਸ ਅੱਤ ਕਰ ਦਿੱਤੀ
ਪਰ ਸਾਗਰ ਨਾ ਬਣਿਆ

ਪਹਿਲਾ ਪਿਆਰ

ਰੋਜ਼ ਸਵੇਰੇ ਵੇਖਦੀ
ਤੈਨੂੰ ਸੂਰਜ ਨਾਲ਼
ਉਹਦਾ ਸੂਹਾ ਰੰਗ ਵਿਖਰਦਾ
ਕਰਦਾ ਤੈਨੂੰ ਲਾਲ

ਅੱਖਾਂ ਵਿਚ ਸੀ ਮਸਤੀ ਤੇਰੀ
ਜਿਸ ਪੀਤੀ ਹੋਸ਼ ਗਵਾਇਆ
ਮੈਂ ਵੀ ਨਜ਼ਰ ਬਚਾਕੇ ਇਹਨੂੰ
ਬੁੱਲ੍ਹੀਂ ਅਪਣੇ ਲਾਇਆ

ਤੂੰ ਤਾਂ ਅੱਲ੍ਹੜ ਬਣ ਚਲਿਆ
ਨਾ ਫ਼ਿਕਰ ਨਾ ਫ਼ਾਕਾ
ਕਿੰਜ ਦਸਦੀ ਦਿਲ ਮੇਰੇ 'ਤੇ
ਪਾਇਆ ਸੀ ਤੂੰ ਡਾਕਾ ---

ਰਹਿੰਦੀ ਸੀ ਮੈਂ ਵਾਂਗ ਸ਼ੁਦਾਈਆਂ
ਸੁਪਨਿਆਂ ਵਿਚ ਗਵਾਚੀ
ਤੂੰ ਫਿਰ ਟੁਰ ਗਿਉਂ ਦੇਸ ਓਪਰੇ
ਪਿੱਛੇ ਛੱਡ ਉਦਾਸੀ

ਸਮੇਂ ਦੀ ਸਿਆਹੀ ਡੁੱਲ੍ਹੀ
ਪਈ ਜਿੰਦੜੀ ਦੀ ਸ਼ਾਮ
ਰਬ ਨੂੰ ਜਪਦੀ ਮਾਲਾ ਡਿੱਗ ਪਈ
ਜਦੋਂ ਯਾਦ ਆਇਆ ਤੇਰਾ ਨਾਮ

ਪਰਵਾਸੀ ਦੀ ਟੀਸ

ਕਿੱਥੇ ਅਪਣਾ ਘਰ ਬਣਾਵਾਂ ?
ਪਰਦੇਸ 'ਚ ਹਰ ਕੋਈ ਗ਼ੈਰਾ
ਦੇਸ ਵਿਚ ਸਭ ਨੇ ਭੁੱਲੀ ਬੈਠੇ,
ਕੋਈ ਨਾ ਲਗਦਾ ਮੇਰਾ

ਦੋ ਸਾਲ ਵਿਚ ਆਇਆ ਮੈਂ
ਕਹਿ ਅਪਣੀ ਗਰਜ਼ ਛਿਪਾਈ
ਹੁਣੇ-ਹੁਣੇ ਕੰਮ ਮੇਰਾ ਲੱਗਿਆ
ਬਸ ਕੀਤੀ ਵਕਤ ਕਟਾਈ

ਮਾਂ ਦੀ ਤਕਣੀ, ਪਿਉ ਦਾ ਚਿਹਰਾ
ਹੁਣ ਜਦੋਂ ਯਾਦ ਆ ਜਾਂਦਾ
ਅਪਨੀ ਗਰਜ਼ ਦਾ
ਟੁੱਟ ਚੂਰ-ਚੂਰ ਹੋ ਜਾਂਦਾ

ਕੀ ਚੰਗਾ ਕੀ ਮੰਦਾ ਕੀਤਾ
ਨਹੀਂ 'ਅਸ਼ਕ' ਮੈਂ ਜਾਣਾ
ਪਹਿਲੀ ਪੀੜ੍ਹੀ ਦੇ ਪਰਵਾਸੀ ਨੂੰ
ਸ਼ਾਇਦ ਇੰਜ ਪੈਂਦਾ ਪਛਤਾਣਾ

ਰੱਬ ਤੇ ਮਨੁੱਖ

ਰੱਬ ਦੀ ਬਣਾਕੇ ਮੂਰਤ
ਸਜਾਇਆ, ਸੰਵਾਰਿਆ
ਆਇਆ ਜੋ ਬਣ ਮਸੀਹਾ
ਪੱਥਰਾਂ ਨਾਲ ਮਾਰਿਆ

ਕਾਜ਼ੀ ਨੇ ਕਾਬਾ ਦੱਸਿਆ
ਪੰਡਤ ਨੇ ਹਰਦਵਾਰ ,
ਰਸਤਾ ਬੰਦਗੀ ਦਾ
ਦੋਹਾਂ ਵਿਸਾਰਿਆ

ਗੋਲ਼ੀ ਲੱਗੀ ਮਨੁੱਖ ਨੂੰ
ਖੁਸ਼ ਹੋਇਆ ਆਦਮੀ ,
ਆਦਮ ਨੇ ਅੱਜ ਹੋਰ
ਆਦਮ ਹੈ ਮਾਰਿਆ

ਰੱਬ ਦੇ ਕੋਲ ਜਾਕੇ 'ਅਸ਼ਕ'
ਪਏ ਰੋਂਦੇ ਨੇ ਪੈਗੰਬਰ ,
ਨਾਂ ਸਾਡਾ ਲੈ ਕੇ ਲੋਕਾਂ
ਤੇਰੇ ਜਗ ਨੂੰ ਸਾੜਿਆ

ਸ਼ੁਕਰਾਨਾ

ਸ਼ੁਕਰ ਹੈ ਮੇਰੇ ਮਾਲਕ! ਸ਼ੁਕਰ ਹੈ
ਸ਼ੁਕਰ ਹੈ ਮੇਰੇ ਦਾਤਾ! ਸ਼ੁਕਰ ਹੈ

ਰਾਤ ਦੀ ਕੁੱਖੋਂ ਦਿਨ ਜਨਮਿਆਂ
ਸੂਰਜ ਦੀਆਂ ਗੁਲਾਬੀ ਕਿਰਨਾਂ
ਨੱਚ-ਨੱਚ ਵਧਾਈਆਂ ਦੇਵਣ
ਸ਼ੁਕਰ ਹੈ ਮੇਰੇ ਮਾਲਕ! ਸ਼ੁਕਰ ਹੈ

ਬੱਦਲਾਂ ਦੀ ਭੇਜੀ ਬੂੰਦ
ਧਰਤੀ ਦੀ ਬੁੱਕਲ ਤਿਰਹਾਏ
ਬੀਜ ਕੋਲ ਅਪੜੀ, ਉਸ ਕਿਹਾ
ਸ਼ੁਕਰ ਹੈ ਮੇਰੇ ਮਾਲਕ! ਸ਼ੁਕਰ ਹੈ

ਖੰਭਾਂ ਦੇ ਆਸਰੇ ਤੇ ਲੈ ਚੋਗਾ
ਕੂੰਜਾਂ ਦੀਆਂ ਡਾਰਾਂ ਪਰਤੀਆਂ
ਆਹਲਣੇ 'ਚ ਬੈਠੇ ਬੋਟਾਂ ਕਿਹਾ
ਸ਼ੁਕਰ ਹੈ ਮੇਰੇ ਮਾਲਕ! ਸ਼ੁਕਰ ਹੈ ---

ਦਿਨ ਦਾ ਬਲ਼ਦਾ ਦੀਵਾ
ਸ਼ਾਮ ਨੇ ਬੁੱਕਲ਼ 'ਚ ਲੈ ਲਿਆ
ਮੰਦਰ 'ਚ ਟੱਲ ਖੜਕੇ, ਮੁੱਲਾਂ ਬਾਂਗ ਲਾਈ
ਸ਼ੁਕਰ ਹੈ ਮੇਰੇ ਮਾਲਕ! ਸ਼ੁਕਰ ਹੈ

ਸਮੇਂ ਦਾ ਫ਼ਾਸਲਾ ਤੈਅ ਕਰਦਾ
ਦੁਨੀਆਂ ਦੀ ਰਾਹ 'ਤੇ ਚਲਦਾ
'ਅਸ਼ਕ' ਵੀ ਗਾ ਰਿਹਾ ਏ
ਸ਼ੁਕਰ ਹੈ ਮੇਰੇ ਮਾਲਕ! ਸ਼ੁਕਰ ਹੈ

ਯਾਦ

ਦਿਨ ਦਿਹਾੜੇ ਸਭ ਦੇ ਅੱਗੇ
ਜਦ ਯਾਦ ਕਿਸੇ ਦੀ ਆਈ
ਕੀ ਹੋਇਆ! ਲੋਕੀ ਪੁੱਛਣ
ਕਿਉਂ ਏ ਤੂੰ ਮੁਰਝਾਈ ?
ਹੱਸੀ ਉਹ ਕੁਝ ਨਹੀਂ ਹੋਇਆ !
ਬਸ ਅੱਖ ਵਿਚ ਕਿਣਕੀ ਆਈ
ਮੋਤੀ ਬਣਦੇ ਹੰਝੂ ਦੀ ਬੂੰਦ
ਸਿੱਪੀ ਵਾਂਗ ਛਿਪਾਈ

ਵੇ ਮੁੰਡਿਆ !

ਦੂਰ-ਦੂਰ ਤੋਂ ਮੁੰਡਿਆ!
ਮਾਰੇਂ ਸੈਨਤਾਂ ਅੱਖੀਆਂ ਨਾਲ਼ ਵੇ
ਜੇ ਦਿਲ ਕਰਦਾ ਪਿਆਰ ਕਰਨ ਨੂੰ
ਫੜ ਬਾਂਹ ਲੈ ਚਲ ਨਾਲ਼ ਵੇ

ਰੋਜ਼ ਸਵੇਰੇ ਆਣ ਖਲੋਵੇਂ
ਜਿੱਥੇ ਜਾਵਾਂ, ਪਿੱਛੇ ਹੋਵੇਂ
ਕਦੇ ਕਿਤਾਬੇ ਚਿੱਠੀ ਰੱਖੇਂ
ਕਦੇ ਸੁੱਟੇਂ ਲਾਲ ਰੁਮਾਲ ਵੇ
ਜੇ ਦਿਲ -----

ਸੀਟੀ ਮਾਰਕੇ ਤੂੰ ਨੱਸ ਜਾਵੇਂ
ਮੈਂ ਜਦ ਆਵਾਂ ਤਾਂ ਘਬਰਾਵੇਂ
ਇਵੇਂ ਰਾਂਝਿਆ! ਹੀਰ ਨੀ ਮਿਲਣੀ
ਭਾਵੇਂ ਮੱਝੀਆਂ ਚਰਾ ਲੈ ਸਾਲ ਵੇ
ਜੇ ਦਿਲ----

ਇਸ਼ਕ ਸੋਹਣਿਆਂ! ਬੁਰੀ ਬੀਮਾਰੀ
ਬਿਨਾ ਪੀਤਿਆਂ ਰਹੇ ਖ਼ੁਮਾਰੀ
ਜਿਹਨੂੰ ਇਸ਼ਕ ਰੋਗ ਨ ਲਗਿਆ
ਉਹ ਵੀ ਕਰੇ ਮਲਾਲ ਵੇ
ਜੇ ਦਿਲ ----

ਵਿਰਸਾ ਤੇ ਭਵਿੱਖ

ਨਾ ਵਿਰਸਾ ਭੁਲਾਣਾ ਚੰਗਾ ਏ
ਨਾ ਨਵੀਂ ਜੋਤ ਜਲਾਣਾ ਮੰਦਾ ਏ
ਭਵਿੱਖ ਹੈ ਅਜ-ਕੱਲ੍ਹ ਦਾ ਸਾਂਝਾ
ਜਿਵੇਂ ਚਮਕੇ ਚਮਕਾਣਾ ਚੰਗਾ ਏ

ਮਨੁੱਖ ਨੂੰ ਸੂਝ, ਰੱਬ ਦੀ ਦੇਣ
ਜੇ ਇਸਨੂੰ ਕੰਮੀਂ ਲਾਂਦਾ ਨਾ
ਬਸ ਚੰਨ ਦੀ ਪੂਜਾ ਕਰ ਛੱਡਦਾ
ਤੇ ਓਥੇ ਹੋਕੇ ਆਂਦਾ ਨਾ

ਪ੍ਰੇਮ, ਪੂਜਾ, ਸ਼ਬਾਬ, ਇਨਕਲਾਬ
ਹਰ ਜਜ਼ਬਾ ਇਨਸਾਨੀ ਏ
ਕੀਹਨੂੰ ਕਹੀਏ ਕਿਹੜਾ ਬਿਹਤਰ
ਮਨ ਦੀ ਹੈਂਕੜ, ਨਾਦਾਨੀ ਏ

ਗੀਤਾਂ 'ਚੋਂ ਗੀਤ ਨਿਕਲ਼ਦੇ ਨੇ
ਗ਼ਜ਼ਲਾਂ 'ਚੋਂ ਗ਼ਜ਼ਲ ਨਿਕਲ਼ਦੀ ਏ
ਪਾਣੀ ਰੁਕ ਜਾਵੇ ਤਾਂ ਬੂ ਮਾਰੇ
ਵਗੇ ਤਾਂ ਨਦੀ ਨਿਕਲਦੀ ਏ ---

ਨਵੇਂ ਗੀਤ, ਗ਼ਜ਼ਲਾਂ, ਬਹਿਰਾਂ
ਨਵੀਆਂ ਕਲਮਾਂ ਤੋਂ' ਆਣਗੀਆਂ
ਭਾਵੇਂ ਲੱਗਣ ਹੁਣ ਵਿਲੱਖਣੀਆਂ
ਸਾਡਾ ਵਿਰਸਾ ਬਣ ਜਾਣਗੀਆਂ

ਕਲਮ ਦੀ ਆਜ਼ਾਦੀ ਲੇਖਕ ਨੂੰ
ਛਾਪਣ ਲਈ ਸੰਪਾਦਕ ਦੀ
ਪੜ੍ਹਣ ਲਈ ਪਾਠਕ ਆਜ਼ਾਦ
ਇਸ ਤੋਂ ਵੱਡਾ ਵਿਰਸਾ ਕੀ

'ਅਸ਼ਕ' ਨਹੀਂ ਆਲਮ-ਫਾਜ਼ਲ ਮਿੱਤਰਾ!
ਉਸ ਦਿਲ ਦੀ ਗੱਲ ਕਹਿ ਲਈ ਮਿੱਤਰਾ!
ਲੱਗੇ ਭਲੀ ਤਾਂ ਸਾਂਭ ਰੱਖੀਂ ਕੋਲ਼ੇ
ਨਹੀਂ ਤਾਂ ਭੁੱਲ ਜਾਈਂ ਮਿੱਤਰਾ !

ਕੀ ਔਖਾ? ਕੀ ਸੌਖਾ?

ਸੱਜਣਾ ਪ੍ਰੀਤ ਲਗਾਉਣੀ ਸੌਖੀ ,
ਕੱਚੇ ਘੜ੍ਹੇ ਤਰ ਆਉਣਾ ਔਖਾ

ਆਸ ਮਿਲਣ ਦੀ ਜਗਾਉਣੀ ਸੌਖੀ ,
ਪਲ ਇਹਦਾ ਲੰਘਾਉਣਾ ਔਖਾ

ਗੱਲ ਮੂੰਹ ਤੋਂ' ਕੱਢ ਦੇਣੀ ਸੌਖੀ ,
ਵਾਪਸ ਬੋਲ ਬੁਲਾਉਣਾ ਔਖਾ

ਸ਼ੱਕ ਦੀ ਗੰਢ੍ਹ ਪੈ ਜਾਣੀ ਸੌਖੀ ,
ਰਿਸ਼ਤਾ ਫੇਰ ਨਿਭਾਉਣਾ ਔਖਾ

ਸਿਰ ਦਸਤਾਰ ਸਜਾਉਣੀ ਸੌਖੀ ,
'ਗੁਰੂ ਦਾ ਸਿੱਖ' ਕਹਾਉਣਾ ਔਖਾ ---

ਧਰਮ ਲਈ ਜਿੰਦ ਲੈਣੀ ਸੌਖੀ ,
ਭੇਦ ਇਨ੍ਹਾਂ ਦੇ ਮਿਟਾਉਣਾ ਔਖਾ

ਮੱਤ ਕਿਸੇ ਨੂੰ ਦੇਣੀ ਸੌਖੀ ,
ਖੁਦ ਉਸਨੂੰ ਅਪਨਾਉਣਾ ਔਖਾ

'ਅਸ਼ਕ' ਕਲਮ ਚਲਾਉਣੀ ਸੌਖੀ ,
ਅਪਣੇ ਤੋਂ' ਅਮਲ ਕਰਾਉਣਾ ਔਖਾ

ਵੈਨਕੂਵਰ ਦੀ ਬਾਰਿਸ਼

ਕਿਣ-ਮਿਣ ,ਕਿਣ-ਮਿਣ
ਵੈਨਕੂਵਰ ਦੀ ਬਾਰਿਸ਼ ,
ਤੰਗ ਆ ਗਏ ਤੈਥੋਂ ਬਾਰਿਸ਼

ਕਾਲ਼ੀ ਬਦਲੀ,
ਉਦਾਸ ਸਰਿਸ਼ਟੀ ,
ਦਿਨੇ-ਰਾਤ ਪੈਂਦੀ ਤੂੰ ਬਾਰਿਸ਼

ਬਿਰਹਣ ਦੇ
ਨਿਰਲੱਜ ਹੰਝੂਆਂ ਵਾਂਗ ,
ਜ਼ਾਰ-ਜ਼ਾਰ ਵਹਿੰਦੀ ਤੂੰ ਬਾਰਿਸ਼

ਇਹ ਹਰਿਆਲੀ
ਏ ਤੇਰੇ ਸਦਕੇ ,
ਕਿਵੇਂ ਕਵ੍ਹਾਂ ਨਾ ਪੈ ਤੂੰ ਬਾਰਿਸ਼ ---

ਟਰੌਂਟੋ ਦੀਆਂ
ਬਰਫਾਂ ਨੂੰ ਸੋਚਾਂ ,
ਚੰਗੀ ਲਗਣ ਲੱਗੇਂ ਤੂੰ ਬਾਰਿਸ਼

ਕਾਸ਼! 'ਅਸ਼ਕ' ਹੋਵੇ
ਕਦੇ ਧੁੱਪ ਦਿੱਲੀ ਦੀ ,
ਅਤੇ ਕਦੇ ਵੈਨਕੂਵਰ ਦੀ ਬਾਰਿਸ਼

ਭਾਂਬੜ

ਮੈਂ ਵੀ ਭਾਂਬੜ, ਉਹ ਵੀ ਭਾਂਬੜ,
ਰੂਹ ਵਿਚ ਮਚਦੀ ਜਾਵੇ
ਮਰਿਗ-ਤਰਿਸ਼ਨਾ ਦਾ ਲਿਸ਼ਕਦਾ ਪਾਣੀ,
ਹੱਥਾਂ ਵਿਚ ਨਾ ਆਵੇ

ਖਤਮ ਹੋ ਗਈ ਸਹਿਣ ਦੀ ਸ਼ਕਤੀ ,
ਹਰ ਕੋਈ ਹੋਇਆ ਕਾਹਲ਼ਾ ,
ਇਕ ਅਸਲੀਅਤ, ਸੌ ਐਨਕਾਂ ,
ਹਰ ਐਨਕ ਅਪਣਾ ਰੰਗ ਦਰਸਾਵੇ

ਹਉਮੈ, ਈਰਖਾ ਜਗ-ਮਗ, ਜਗ-ਮਗ,
ਲਾਲਚ ਦੀ ਕੋਠੀ ਅੰਦਰ ,
ਬਾਬਾ ਬੈਠਾ ਮਾਲ਼ਾ ਹੱਥ ਵਿਚ,
ਰੱਬ ਦੇ ਸੋਹਲੇ ਗਾਵੇ

ਬਾਗ-ਬਹਾਰਾਂ ਲੱਗਣ ਸੁਹਣੀਆਂ,
ਜੋਬਨ ਰੁੱਤ, ਅੱਖਾਂ ਅਸਮਾਨੀ,
ਪੱਤਝੜ ਦੇ ਵਿਚ ਡਿਗਦਾ ਪੱਤਾ,
'ਅਸ਼ਕ' ਅੰਤ ਦੀ ਰਾਹ ਦਿਖਾਵੇ

ਖੁਰਦੇ ਪਲ

ਇਕ ਛਿਣ 'ਚ ਤੈਅ ਹੋ ਗਿਆ
ਸਾਲਾਂ ਦਾ ਫ਼ਾਸਲਾ
ਪਰਤਿਆ ਅਤੀਤ ਵਲ
ਯਾਦਾਂ ਦਾ ਕਾਫ਼ਲਾ

ਆਜ਼ਾਦੀ ਦੇ ਦਿਨ ਬੱਚੇ
ਮਾਂ ਦੀ ਬੁੱਕਲ ਲੁਕ ਗਏ
ਲੰਘਿਆ 'ਮਾਰੋ! ਬਚਾਓ !'
ਚੀਖਾਂ ਦਾ ਕਾਫ਼ਲਾ

ਬਸੰਤੀ ਧੁੱਪੇ ਪਤੰਗਾਂ ਦੇ
ਜਦ ਪੇਚੇ ਪੈ ਗਏ
ਉਠਿਆ 'ਬੋਅ-ਕਾਟਾ'! ਦੀਆਂ
ਆਵਾਜ਼ਾਂ ਦਾ ਕਾਫਲਾ

ਨਹਿਰ ਕੰਢੇ ਸਹਿਪਾਠੀ
ਕੁੜੀਆਂ ਦੇ ਨਾਲ ਪਿਕਨਿਕ
ਨੱਚਿਆ ਮਸਤ ਹੋਏ
ਮੁੰਡਿਆਂ ਦਾ ਕਾਫ਼ਲਾ ---

ਅੰਬਰ ਛੂਹਣ ਦੀ ਚਾਹ
ਦੇਸ਼ੋਂ ਵਿਦੇਸ਼ੀ ਹੋਏ ਜਦੋਂ
ਰੁਲਿਆ ਮਾਪਿਆਂ ਦੀ
ਆਸਾਂ ਦਾ ਕਾਫ਼ਲਾ

'ਅਸ਼ਕ' ਨੂੰ ਅਜ਼ੀਜ਼ ਦੋਸਤਾ!
ਜਾਣਾ ਤਾਂ ਪਵੇਗਾ
ਕਦ ਤੋਂ ਬੁਲਾ ਰਿਹਾ ਹੈ
ਸੁਆਸਾਂ ਦਾ ਕਾਫ਼ਲਾ

ਇੱਛਾਧਾਰੀ ਸੱਪ

ਸੁਣਿਆ ਸੀ ਮਰ ਗਿਆ ਏ ਸੱਪ,
ਇਸ ਸ਼ਹਿਰੋਂ ਟੁਰ ਗਿਆ ਏ ਸੱਪ,
ਝਾਤ ਜਦੋਂ ਮਾਰੀ ਮੈਂ ਅੰਦਰ ,
ਜੀਉਂਦਾ-ਜਾਗਦਾ ਵਸਦਾ ਏ ਸੱਪ

ਬੀਨ ਨਾਲ ਹੱਸਦਾ ਏ ਸੱਪ,
ਲੀਡਰ ਦੀ ਅੱਖ ਰਚਦਾ ਏ ਸੱਪ,
ਸ਼ਿਵ ਦੇ ਗਲ਼ੇ ਨਾਲ਼ ਲਿਪਟਿਆ ,
ਤਾਂਡਵ ਨਾਚ ਨੱਚਦਾ ਏ ਸੱਪ

ਕਿਤੇ ਨਿਗਲੇ, ਕਿਤੇ ਡੱਸਦਾ ਏ ਸੱਪ,
ਕਿਤੇ ਉੱਡਕੇ ਕੱਟਦਾ ਏ ਸੱਪ ,
ਜਿੱਥੇ ਜਾਵਾਂ ਇਹ ਇੱਛਾਧਾਰੀ ,
ਹਰ ਪਾਸੇ ਭੱਜਦਾ ਏ ਸੱਪ

ਮਾਨਵ ਰੂਪ ਵਿਚਰਦਾ ਏ ਸੱਪ,
ਕਾਲ਼ਾ,ਪੀਲ਼ਾ, ਗੋਰਾ ਏ ਸੱਪ,
'ਅਸ਼ਕ' ਕਦੇ ਸੱਪ ਬਣਦਾ ਦੋਸਤ,
ਕਦੇ ਦੋਸਤ ਬਣਦਾ ਏ ਸੱਪ

ਬਾਟਾ ਸਧਰਾਂ ਦਾ

ਬਾਟਾ ਸਧਰਾਂ ਦਾ, ਤਾਂਘ ਦੀ ਸੋਟੀ,
ਰਾਤਾਂ ਲੰਮੀਆਂ, ਉਮਰ ਏ ਛੋਟੀ ,
ਸਾਹਾਂ ਦਾ ਵਿਸਾਹ ਕੋਈ ਨਾ

ਤੇਰੇ ਸ਼ਹਿਰ ਦੀਆਂ ਰੀਤਾਂ ਅਵੱਲੀਆਂ ,
ਦਿਲ ਯਖ਼ ਏ, ਸੜਕਾਂ ਸਿਲ੍ਹੀਆਂ ,
ਤੇ ਪਿੱਪਲਾਂ ਦੀ ਛਾਂ ਕੋਈ ਨਾ

ਨਹੀਉਂ ਚਾਹੀਦਾ ਇਹ ਤਖਤ ਹਜ਼ਾਰਾ,
ਹੱਥ ਫੜ ਲੈ ਤੂੰ, ਚੱਲ ਮੇਰੇ ਯਾਰਾ !
ਕੱਲਿਆਂ ਦੀ ਵਾਹ ਕੋਈ ਨਾ

ਮਨ ਮੈਲ਼ ਫਿਰਨ ਫਿਰ ਅੱਖੀਆਂ ,
ਪੈਣ ਹੱਸਕੇ ਰਕੀਬਾਂ ਨਾਲ਼ ਜੱਫੀਆਂ ,
ਮਿਲਣ ਵਿਚ ਚਾਅ ਕੋਈ ਨਾ

ਯਾਰ ਰੁੱਸਿਆ ਤਾਂ 'ਅਸ਼ਕ' ਮਨਾ ਲੈ ,
ਸੁਣ ਉਹਦੀ ਤੇ ਅਪਣੀ ਸੁਣਾ ਲੈ ,
ਦੂਜੀ ਇਸ਼ਕੇ 'ਚ ਰਾਹ ਕੋਈ ਨਾ

ਰੂਹ ਦੀ ਮੌਤ

ਕੱਚੇ ਘੜ੍ਹੇ 'ਤੇ ਭਰੋਸਾ ਕਰ ਬੈਠੀ
ਉਹ ਅਲ੍ਹੜ ਉਮਰ ਕੁਆਰੀ
ਹਾਇ ! ਸ਼ਿਕਰਾ ਯਾਰ ਬਣਾ ਬੈਠੀ
ਉਹ ਕਿਸਮਤ ਦੀ ਮਾਰੀ

ਮਾਲੀ ਉਹਦਾ ਆਪਣਾ
ਮਿੱਧ ਦਿੱਤੀ ਜਿਸ ਕਿਆਰੀ
ਖਾ ਦਿਲ ਦਾ ਮਾਸ ਉਹ ਰੱਜਿਆ ਨਾ
ਲੈ ਆਇਆ ਫੇਰ ਕੁਹਾੜੀ

ਟੋਟੇ-ਟੋਟੇ ਕਰ ਦਿੱਤੀ
ਸੁਹਣੀ ਜਿੰਦੜੀ ਪਿਆਰੀ
ਪਲ ਵਿਚ ਹੀ ਭਾਣਾ ਵਰਤ ਗਿਆ
ਸਾਹਾਂ ਨੇ ਲਈ ਉਡਾਰੀ ---

'ਅਸ਼ਕ' ਰੋਇਆ ਰੱਬ ਕਿੰਬੇ ਸੀ
ਜਦ ਲੋੜ ਸੀ ਤੇਰੀ ਭਾਰੀ !
ਕੱਚੇ ਘੜ੍ਹੇ ਤੇ ਭਰੋਸਾ ਕਰ ਬੈਠੀ
ਕਿਉਂ ਅਲ੍ਹੜ ਉਮਰ ਕੁਆਰੀ ?

**** ਆਧਾਰ-'ਸੱਚ ਦੀ ਅਵਾਜ਼', ਸਰੀ ਕੈਨੇਡਾ, **2011**'ਚ ਕੰਮ ਕਰਦੀ ਕੁੜੀ ਦਾ ਅਪਨੇ ਜੀਵਣ ਸਾਥੀ ਦੁਆਰਾ ਕਤਲ*

ਖੁਸ਼ੀਆਂ-ਖੇੜੇ

ਖੁਸ਼ੀਆਂ-ਖੇੜੇ, ਸਭ ਦੇ ਵਿਹੜੇ
ਰੱਬਾ! ਭਰ ਦੇ, ਸਭ ਦੇ ਵਿਹੜੇ
ਨਵੇਂ ਸਾਲ ਵਿਚ ਵਿਚਰੀਏ
ਧਰਮ ਜਾਤ ਦੇ ਭੁੱਲ ਬਖੇੜੇ

ਦੁਖ-ਦਰਦ, ਦੂਜੇ ਦਾ ਵੰਡੀਏ
ਖੁਸ਼ੀਆਂ ਸਾਂਝੀਆਂ, ਅਪਣੀਆਂ ਕਰੀਏ
ਦੂਰ ਰਹੀਏ, ਉਨ੍ਹਾਂ ਲੋਕਾਂ ਤੋਂ
ਮਾਨਵ ਰੂਪ, ਦਾਨਵ ਨੇ ਜਿਹੜੇ

ਰੱਬਾ! ਬੰਦੇ ਨੂੰ, ਇਹ ਵਰ ਦੇ
ਸਵਰਗ ਜਿਹਾ, ਧਰਤੀ ਨੂੰ ਕਰ ਦੇ
ਨੱਚੀਏ ਅਸੀਂ! ਜਿਵੇਂ ਚੰਨ, ਤਾਰੇ
ਲੈਦੇ ਨੇ, ਸੂਰਜ ਦੇ ਗੇੜੇ

ਖੁਸ਼ੀਆਂ ਖੇੜੇ, ਸਭ ਦੇ ਵਿਹੜੇ
ਕਹੇ 'ਅਸ਼ਕ' ਰੱਬ !, ਭਰ ਸਭ ਦੇ ਵਿਹੜੇ

ਮਾਫ਼ੀਆ ਕਿੱਡ

ਮਾਂ ਨੇ ਤਾਂ ਕਿਹਾ ਸੀ ਬੜਾ
'ਪੁੱਤਰ ! ਨਾ ਇਸ ਰਾਹ 'ਤੇ ਜਾਹ'
ਤਿਲਕਣ ਭਰੀਆਂ ਇਨ੍ਹਾਂ ਗਲ਼ੀਆਂ 'ਚੋਂ
ਕੋਈ ਨਹੀਂ ਵਾਪਸ ਮੁੜਿਆ

ਖ਼ੂਨ ਗਰਮ ਸੀ ਉਹਦਾ ਤੇ
ਨਾਲ਼ ਜਵਾਨੀ ਉਹ ਮਦਹੋਸ਼
ਚੰਨ, ਸੂਰਜ ਮੁੱਠੀਆਂ ਦੇ ਵਿਚ
ਪਕੜਨ ਦਾ ਸੀ ਉਸ ਵਿਚ ਜੋਸ਼

ਚਾਹੁੰਦਾ ਸੀ ਨਿਕਲਨਾ
ਗ਼ਰੀਬੀ ਦੇ ਚੱਕਰ 'ਚੋਂ ਉਹ
ਹੁਣ ਨਹੀ ਝੁਕਣਾ ਕਿਸੇ ਦੇ ਅੱਗੇ
ਨਾ ਡਰੇਗਾ ਕਿਸੇ ਤੋਂ ਉਹ

ਦੁਸ਼ਮਣਾ ਨੂੰ ਕੁਚਲਦਾ
ਉਹ ਨਿਡਰ ਹੋ ਗਿਆ
ਐਨਾ ਚੜ੍ਹਿਆ ਕਿ
ਗੈਂਗ ਦਾ ਲੀਡਰ ਹੋ ਗਿਆ ---

ਬੌਸ ਤੋਂ ਡਰਦੇ ਸਾਰੇ
ਹਰ ਪਾਸੇ ਸੀ ਬੋਲਬਾਲਾ
ਦੂਰ-ਦੂਰ ਤੱਕ ਨਹੀਂ ਸੀ
ਕੋਈ ਉਸਨੂੰ ਕਹਿਣ ਵਾਲ਼ਾ

ਡਾਲਰਾਂ ਦੇ ਨੋਟਾਂ ਨੂੰ
ਗਿਣਦਾ ਉਹ ਥੱਕ ਗਿਆ
ਅੱਯਾਸ਼ੀ ਦਾ ਖ਼ੂਨ ਉਸਦੀ
ਰਗ-ਰਗ 'ਚ ਵਸ ਗਿਆ

ਬਹੁਤ ਸੀ ਇੱਛਾ, ਹੁਣ ਸਭ ਛੱਡ ਕੇ
ਨਵੀਂ ਜ਼ਿੰਦਗੀ ਗੁਜ਼ਾਰੇ ਉਹ
ਪੁਲਿਸ, ਰਕੀਬਾਂ ਤੋਂ ਪਰ
ਕਿੰਝ ਦੂਰ ਫਿਰ ਜਾਵੇ ਉਹ ?

ਦੁਸ਼ਮਣਾਂ ਦੀ ਕਾਰ ਆਈ
ਇਕ ਦਿਨ ਸਪੀਡ ਨਾਲ਼
ਤੇ ਬੌਛਾੜ ਗੋਲ਼ੀਆਂ ਦੀ
ਕਰ ਗਈ ਉਹਨੂੰ ਬੇਹਾਲ ---

ਅੱਜ ਸ਼ਿਕਾਰ ਦੀ ਥਾਂ
ਸ਼ਿਕਾਰੀ ਦੇ ਟੋਟੇ ਹੋ ਗਏ
ਨੋਟਾਂ, ਕੋਕੀਨ ਦੇ ਬੰਡਲ
ਹਵਾ 'ਚ ਖੋ ਗਏ

ਪਛਤਾਂਦੇ, ਦਮ ਤੋੜਦੇ,
ਫ਼ਟੀਆਂ ਅੱਖੀਆਂ ਨੇ ਕਿਹਾ
ਮਾਂ! ਤੂੰ ਠੀਕ ਕਹਿੰਦੀ ਸੀ'
'ਪੁੱਤਰ ! ਨਾ ਇਸ ਰਾਹ 'ਤੇ ਜਾਹ'

**** ਆਧਾਰ -ਸਾਊਥ ਏਸ਼ੀਅਨ ਨੌਜਵਾਨਾਂ ਵਿਚ ਹੁਣ ਵੀ ਵਧ ਰਹੀ ਹਿੰਸਾਤਮਕ ਗੈਂਗ ਰੁਚੀ ਦੇ ਖਿਲਾਫ਼ ਵੈਨਕੂਵਰ 'ਚ ਹੋਈ ਇਕ ਘਟਨਾ ਤੇ ਅਧਾਰਿਤ*

ਮਾਏ! ਤੇਰੀ ਗਵਾਚੀ ਧੀ

ਕਦੇ ਯਾਦ ਕਰੇਂਗੀ ਮਾਏ!
ਤੇਰੀ ਇਕ ਗਵਾਚੀ ਧੀ!
ਭਾਵੇਂ ਦਿਲ ਤੇਰਾ ਹੁਣ ਪੱਥਰ
ਇਸ ਵਿੱਚੋਂ ਨਿਕਲੇਗੀ ਸੀਅ

ਵੀਰਾ ਸੋਚਕੇ ਠਰਨੀ ਏਂ ਤੂੰ
ਮੈਨੂੰ ਸੋਚਕੇ ਮਰਨੀ ਏਂ ਤੂੰ
ਇਹ ਵੀ ਭੁੱਲ ਗਈ ਨੀ ਮਾਏ !
ਤੂੰ ਵੀ ਤਾਂ ਏ ਕਿਸੇ ਦੀ ਧੀ

ਬਾਪੂ ਦੀਆਂ ਅੱਖੀਆਂ ਨੇ ਫਿਰੀਆਂ
ਤੇਰੀਆਂ ਵੀ ਤਾਂ ਸੁੱਕੀਆਂ, ਸੁੱਕੀਆਂ
ਦੂਰ-ਦੁਰੇਡੇ ਤੱਕ ਨਹੀਂ ਦਿਸਦਾ
ਕੋਈ ਮੇਰਾ ਅਪਨਾ ਜੀਅ

ਵੀਰ ਜਦ ਗੱਭਰੂ ਹੋ ਜਾਊ
ਇਕ ਕੁੜੀ ਨਾ ਤੈਨੂੰ ਥਿਆਊ
ਤੇਰੀ ਤਰ੍ਹਾਂ ਹੋਰ ਅੰਮੜੀਆਂ
ਪੁੱਤਰਾਂ ਖ਼ਾਤਰ ਮਾਰੀ ਧੀ ---

ਜੀਣ ਲਈ ਦਿਲ ਕਰਦਾ ਮੇਰਾ
ਗੋਦੀ ਬੈਠਾਂ ਦਿਲ ਕਰਦਾ ਮੇਰਾ
ਗੁੱਡੀ ਪਟੋਲੇ ਦੇਂਦੀ ਮੈਨੂੰ
ਮੈਂ ਤੇਰਾ ਪਰਚਾਂਦੀ ਜੀਅ

ਜ਼ਹਿਰ ਪਿਲਾ ਸੁੰਨ ਮੈਨੂੰ ਕੀਤਾ
ਲੈ ਕੇ ਅਸਤਰ ਕੱਟ-ਵੱਢ ਦਿੱਤਾ
ਵੇਲਾਂ ਕੱਟਦੀਓ ਅੰਮੀਓ! ਸੋਚੋ
ਲੱਗੂ ਕਿਵੇਂ ਪਨੀਰੀ ਵੀ!

ਚੰਗਾ ਮਾਏ ! ਮੈਂ ਚੱਲੀ ਆਂ
ਤੁਸੀਂ ਇਕ ਪਾਸੇ ,ਮੈਂ ਕੱਲੀ ਆਂ
'ਅਸ਼ਕ' ਨੀ ਲੱਭਣੀ ਹੁਣ ਇਹ ਧੀ
ਮਾਏ ਤੇਰੀ ਗਵਾਚੀ ਧੀ

**** ਆਧਾਰ-ਬੱਚੀਆਂ ਦੀ ਭਰੂਣ ਹੱਤਿਆ ਦੇ ਵਿਰੁੱਧ ਮੇਰੀ ਆਵਾਜ਼*

ਦਾਮਨੀ ਦੇ ਨਾਮ

ਕੀ ਸੋਚਦੀ ਹੋਵੇਂਗੀ ਤੂੰ ਦਾਮਨੀ !
ਜਦੋਂ ਦਰਿੰਦੇ ਨੋਚ ਰਹੇ ਸੀ
ਬੰਦ ਬੱਸ ਵਿਚ ਨਸ਼ੇ 'ਚ ਧੁੱਤ ਹੋ
ਤੇਰੇ ਤਨ ਨੂੰ ਲੋਚ ਰਹੇ ਸੀ

ਇਕ ਭੋਲ਼ੀ ਚਿੜੀ ਸੀ ਪਰ
ਬਾਜ਼ਾਂ ਦੇ ਨਾਲ਼ ਲੜਦੀ ਰਹੀ ਤੂੰ
ਇੱਜ਼ਤ ਅਪਣੀ ਦੀ ਖ਼ਾਤਰ
ਉਨ੍ਹਾਂ ਦੇ ਅੱਗੇ ਡਟੀ ਰਹੀ ਤੂੰ

ਇਕ ਪਾਸੜ ਇਸ ਲੜਾਈ ਦੇ ਵਿਚ
ਹੋਇਆ ਓਹੀ ਜੋ ਹੋਣਾ ਸੀ ਆਖਰ
ਸੁੱਟ ਦਿੱਤਾ ਤੈਨੂੰ , ਸਾਥੀ ਨੂੰ
ਨਿਰ-ਵਸਤਰ ਸੜਕ 'ਤੇ ਬਾਹਰ

'ਜੀਣਾ ਚਾਂਹਦੀ ਹਾਂ! ਮੈਂ ਜੀਣਾ!, ਤੂੰ ਕਿਹਾ
ਤੇ ਯਮ-ਰਾਜ ਨਾਲ਼ ਲੜੀ ਲੜਾਈ
ਬਹੁਤ ਦੁਆ ਅਸਾਂ ਵੀ ਕੀਤੀ
ਅਫ਼ਸੋਸ ! ਤੇਰੇ ਕੰਮ ਨਾ ਆਈ ---

ਵੇਖਕੇ ਤਾਂਡਵ-ਨਾਚ, ਵਹਿਸ਼ੀਅਤ
ਭਾਰਤੀ ਆ ਗਏ ਵਿਚ ਗੁੱਸੇ
ਤੇਰੇ ਸਰੀਰ ਤੋਂ ਉਠੀ ਲਾਟ ਹੁਣ
ਕਦੇ ਨਾ ਬੁਝੇ, ਕਦੇ ਨਾ ਬੁਝੇ

ਗੁੰਮ-ਸੁੰਮ ਸੰਸਦ ਦੇ ਮੈਂਬਰੋ !ਜਾਗੋ!
ਜਾਗੋ! ਅਪਨਾ ਫਰਜ਼ ਨਿਭਾਓ!
ਮਾਣ ਕਰੀਏ ਅਸੀਂ ਤੁਹਾਡੇ 'ਤੇ
ਕੁਝ ਇੰਜ ਦਾ ਵੀ ਕਰਕੇ ਵਿਖਾਓ!!

ਹੱਕ ਨਾਰੀ ਦਾ ਵਿਚਰਣ ਦਾ ਬਰਾਬਰ
ਆਤਮ ਸਨਮਾਨ ਦਾ ਕਰੇ ਅਹਿਸਾਸ
ਸਮਝੇ 'ਅਸ਼ਕ' ਮਰਦ-ਸਮਾਜ ਹੁਣ
ਨਹੀਂ ਉਹ ਵਸਤੂ ਭੋਗ ਵਿਲਾਸ

**** ਆਧਾਰ- **16** ਦਸੰਬਰ **2012**, ਦਿੱਲੀ ਦੀ ਦਾਮਨੀ (ਅਤੇ ਹੁਣ ਵੀ ਹੋ ਰਹੀਆਂ ਰੇਪ ਪੀੜਤਾਂ) ਦੇ ਨਾਮ*

ਸਾਈਆਂ ! ਵੇ ਮੇਰਿਆ ਸਾਈਆਂ !!

ਸਾਈਆਂ !ਵੇ ਮੇਰਿਆ ਸਾਈਆਂ !!
ਤੈਨੂੰ ਛੱਡਕੇ ਅਸਾਂ ਨਹੀ ਜਾਣਾ
ਤੈਥੋਂ ਹੀ ਅਸੀਂ ਰੁੱਸਣਾ
ਤੈਨੂੰ ਹੀ ਅਸੀਂ ਮਨਾਣਾ

ਚੰਗੇ -ਮੰਦੇ ਅਸੀਂ ਜਿਵੇਂ ਹਾਂ
ਲੜ ਤੇਰੇ ਹੁਣ ਆਣ ਲਗੇ ਹਾਂ
ਦਰ ਤੇਰਾ ਛੱਡ ਕਿੱਥੇ ਜਾਈਏ?
ਨਹੀਂ ਕੋਈ ਹੋਰ ਟਿਕਾਣਾ

ਤੇਰੀ ਵਡੂਤੀ ਬੜੀ ਨਿਰਾਲੀ
ਭਗਤਾਂ ਲਈ ਇਹ ਕਿਸਮਤ ਵਾਲ਼ੀ
ਅਣਹੋਣੀ ਨੂੰ ਹੋਣੀ ਕਰਦੀ
ਜਦ ਹੋਵੇ ਤੇਰਾ ਭਾਣਾ

ਬਿਨ ਮੰਗੇ ਈ ਸਭ ਕੁਝ ਦੇਵੇਂ
ਸਾਡੇ ਕੋਲੋਂ ਕੁਝ ਨਾ ਲੈਵੇਂ
ਸ਼ਰਧਾ, ਸਬੂਰੀ, ਆਸਥਾ
ਬਸ ਇਹੋ ਤੇਰਾ ਨਜ਼ਰਾਨਾ ---

ਮਾਤ-ਪਿਤਾ ਤੂੰ ਗੁਰੂ ਏਂ ਸਾਡਾ
ਅੰਤ ਵੀ ਤੂੰ ਤੇ ਸ਼ੁਰੂ ਏਂ ਸਾਡਾ
ਬਹਿ ਚਰਨਾਂ ਵਿਚ ਤੇਰੇ ਕਰੀਏ
ਪਲ-ਪਲ ਅਸੀਂ ਸ਼ੁਕਰਾਨਾ

ਸਾਹਮਣੇ ਤੇਰੇ ਜਦ ਬਹਿਨੇ ਹਾਂ
ਦੁਖ-ਸੁਖ ਗੱਲਾਂ ਕਰ ਲੈਨੇ ਹਾਂ
ਤੇਰੀ ਭੋਲ਼ੀ ਸੂਰਤ ਨੇ
ਕੀਤਾ ਏ ਸਾਨੂੰ ਦੀਵਾਨਾ

ਅਰਜ਼ 'ਅਸ਼ਕ' ਦੀ ਸਾਈਂ! ਸੁਣ ਲੈ
ਔਖੇ ਸਮੇਂ ਤੂੰ ਆਈਂ, ਸੁਣ ਲੈ
ਮਾਇਆ ਦੇ ਇਸ ਭਵਸਾਗਰ 'ਚੋਂ
ਤੂੰਹੀਉਂ ਪਾਰ ਲਗਾਣਾ

ਗੱਲ ਕਰਨ ਤੋਂ ਪਹਿਲਾਂ

ਗੱਲ ਕਰਨ ਤੋਂ ਪਹਿਲਾਂ, ਸੋਚੀਂ ਜ਼ਰਾ
ਕੀ ਉਹ ਕਰੂਗੀ, ਕਿਸੇ ਦਾ ਭਲਾ ?
ਨਾ ਇੰਜ ਦਾ ਕਦੇ, ਬੁੱਲ੍ਹਾਂ 'ਤੇ ਲਿਆ
ਤੋੜ ਜਾਵੇ ਜੋ ਦਿਲ, ਕਿਸੇ ਹੋਰ ਦਾ

ਗੱਲ ਕਿਹੀ ਜਿਹੜੀ, ਕੁਝ ਹੋਰ ਸੀ
ਗੱਲ ਕੀਤੀ ਜਿਹਦੀ, ਕੋਈ ਹੋਰ ਸੀ
ਗੱਲਾਂ 'ਚ ਗੱਲ ਨੂੰ, ਬਦਲਦਾ ਨਾ ਜਾ
ਗੱਲ ਕਰਨ ਤੋਂ ਪਹਿਲਾਂ ਸੋਚੀਂ ਜ਼ਰਾ

ਜੀਭ ਨਸ਼ਤਰ ਵੀ ਏ, ਹੈ ਇਹ ਮਿੱਠੀ ਖਜੂਰ
ਇਹ ਗਾਲੀ ਦੇਵੇ, ਬੋਲੇ 'ਮੇਰੇ ਹਜ਼ੂਰ'
ਜੋ ਹੋਰਾਂ ਤੋਂ ਚਾਹਵੇਂ, ਉਹ ਇਹਨੂੰ ਸਿਖਾ
ਗੱਲ ਕਰਨ ਤੋਂ ਪਹਿਲਾਂ ਸੋਚੀਂ ਜ਼ਰਾ ---

ਗੱਲ ਸੁਨਣੀ ਹੋਵੇ, ਤਾਂ ਵਕਤ ਚਾਹੀਦੈ
ਗੱਲ ਕਹਿਣੀ ਹੋਵੇ, ਤਾਂ ਜ਼ਬਤ ਚਾਹੀਦੈ
ਕੁਝ ਹੋਰਾਂ ਦੀ ਸੁਣ, ਕੁਝ ਅਪਣੀ ਸੁਣਾ
ਗੱਲ ਕਰਨ ਤੋਂ ਪਹਿਲਾਂ ਸੋਚੀਂ ਜ਼ਰਾ


ਲੋਕੀਂ ਤਾਂ ਇੰਜ ਹੀ, ਸਦਾ ਰਹਿਣਗੇ
ਤੀਰ ਬੋਲਾਂ ਦੇ ਵੀ, ਤੈਨੂੰ ਪੈਣਗੇ
'ਅਸ਼ਕ' ਪੀੜ ਭੁੱਲ , ਮੰਗ ਸਭ ਦੀ ਦੁਆ
ਗੱਲ ਕਰਨ ਤੋਂ ਪਹਿਲਾਂ ਸੋਚੀਂ ਜ਼ਰਾ

ਮੰਦਰ

। >
।
।।
।।
ਮੰਦਰ
ਇਕ ਮੰਦਰ
ਦਿਲ ਇਕ ਮੰਦਰ
ਮੇਰਾ ਦਿਲ ਇਕ ਮੰਦਰ
ਤੇਰਾ ਮੇਰਾ ਦਿਲ ਇਕ ਮੰਦਰ
ਅਜ਼ਲੋਂ ਤੇਰਾ ਮੇਰਾ ਦਿਲ ਇਕ ਮੰਦਰ
ਭੁੱਲਿਆ ਅਜ਼ਲੋਂ ਤੇਰਾ ਮੇਰਾ ਦਿਲ ਇਕ ਮੰਦਰ
ਕਿਉਂ ਭੁੱਲਿਆ ਅਜ਼ਲੋਂ ਤੇਰਾ ਮੇਰਾ ਦਿਲ ਇਕ ਮੰਦਰ
ਮਨੁੱਖ ਕਿਉਂ ਭੁੱਲਿਆ ਅਜ਼ਲੋਂ ਤੇਰਾ ਮੇਰਾ ਦਿਲ ਇਕ ਮੰਦਰ
ਰੱਬਾ! ਮਨੁੱਖ ਕਿਉਂ ਭੁੱਲਿਆ ਅਜ਼ਲੋਂ ਤੇਰਾ ਮੇਰਾ ਦਿਲ ਇਕ ਮੰਦਰ


ਹਲਾਕ ਕੌਣ ? ਸ਼ਹੀਦ ਕੌਣ ?

ਗੋਲੀਆਂ ਚਲੀਆਂ ਜਦੋਂ ਮੰਜ਼ਰ ਅਜੀਬ ਸੀ
ਦੁਸ਼ਮਨ ਹਲਾਕ 'ਅਸ਼ਕ' ਅਪਨਾ ਸ਼ਹੀਦ ਸੀ



ਇਬਾਦਤ ਤੇ ਮੁਹੱਬਤ

ਇਬਾਦਤ ਰੂਹ ਦੀ ਜਾਨ 'ਅਸ਼ਕ' ਮੁਹੱਬਤ ਦਿਲ ਦੀ ਸਰਗ਼ਮ ਏ !
ਰਬ ਦੀ ਨਿਗਾਹ ਦੇ ਵਿਚ ਨਾ ਓਹ ਜ਼ਿਆਦਾ ਨਾ ਇਹ ਕਮ ਏ



ਬਹਿ ਸੱਜਣਾ !

ਬਹਿ ਸੱਜਣਾ! ਕਰ ਯਾਰੀ ਦੀ ਗੱਲ
ਛੱਡ ਵੀ ਦੇ ਅੱਯਾਰੀ ਦੀ ਗੱਲ

ਵਕਤ ਦੀ ਪੀਂਘ ਝੂਟ ਲਈ ਹੈ,
ਕਰੀਏ ਹੁਣ ਤਿਆਰੀ ਦੀ ਗੱਲ

ਵੇਖਕੇ ਡਾਕਟਰ ਦਾ ਬਲੱਡ ਪ੍ਰੈਸ਼ਰ,
ਭੁੱਲੇ ਅਪਣੀ ਬੀਮਾਰੀ ਦੀ ਗੱਲ

ਕੁਰਸੀ ਖ਼ਾਤਰ ਵੇਚਕੇ ਈਮਾਨ,
ਕਰਦੇ ਨੇ ਸਰਦਾਰੀ ਦੀ ਗੱਲ

ਹੰਭਲਾ ਮਾਰਕੇ ਚੰਨ 'ਤੇ ਚੜ੍ਹ ਜਾ,
ਕਿਉਂ ਕਰਦੈਂ ਲਾਚਾਰੀ ਦੀ ਗੱਲ

ਦਿਲ ਸਮਝਾਵੇ, ਜ਼ਿਹਨ ਨੀ ਮੰਨਦਾ,
ਨਿੱਤ ਸੋਚੇ ਮੱਕਾਰੀ ਦੀ ਗੱਲ

'ਅਸ਼ਕ' ਚਤਰਾਈਉਂ ਬਾਜ ਨਾ ਆਵੇ,
ਫੇਰ ਕਰੇ ਹੁਸ਼ਿਆਰੀ ਦੀ ਗੱਲ

ਇਕ ਚਿਹਰਾ

ਇਕ ਚਿਹਰਾ ਪੁਰਨੂਰ ਜਿਹਾ
ਵੇਖਾਂ, ਆਵੇ ਸਰੂਰ ਜਿਹਾ

ਬੇਨਾਮ ਹੈ, ਪਰ ਮਸ਼ਹੂਰ ਜਿਹਾ
ਦਿਲ ਦੇ ਕੋਲ਼ੇ, ਹੈ ਦੂਰ ਜਿਹਾ

ਮਨੁਖ ਰੱਬ ਦਾ ਰੂਪ ਹੈ ਜਾਂ,
ਉਹਦੀ ਗਲਤੀ ਕਸੂਰ ਜਿਹਾ ?

ਇਸ਼ਕ ਅਵੱਲੜਾ ਰੋਗ ਹੈ ਯਾਰ !
ਅੱਖੀਆਂ ਹੰਝੂ, ਦਿਲ ਚੂਰ ਜਿਹਾ

ਦਰਦਾਂ ਦਾ ਦੇ ਗਿਆ ਪੂਰ ਜਿਹਾ
ਨਾ ਛੇੜ ਜ਼ਖਮ ਨਾਸੂਰ ਜਿਹਾ ---

ਕਿਉਂ ਕਰੇਂ ਟਕੋਰਾਂ ਆਹਾਂ ਨਾਲ਼ ?
ਫੁੱਟ ਜਾਊ ਛਾਲਾ ਭਰਪੂਰ ਜਿਹਾ

ਅੰਦਰ ਭਖਦਾ ਲਾਵੇ ਵਾਂਗ ,
ਬਾਹਰੋਂ ਹਬੀਬ ਮਨਸੂਰ ਜਿਹਾ

ਫ਼ਰਯਾਦ ਨਾ ਕਰ,ਮਜਬੂਰ ਨਾ ਹੋ
ਲੜ ਅਪਣੇ ਲਈ ਬੇਕਸੂਰ ਜਿਹਾ

'ਅਸ਼ਕ' ਨਾ ਰਹਿ ਮਗਰੂਰ ਤੂੰ ਹੁਣ
ਦਰ ਉਸਦੇ ਬਹਿ ਮਸ਼ਕੂਰ ਜਿਹਾ

ਰਾਤੀਂ ਖੁਸ਼ੀਆਂ

ਰਾਤੀਂ ਖੁਸ਼ੀਆਂ, ਦਰਦ ਸਵੇਰੇ
ਐਨੀ ਨਾ ਪੀ ਮਿੱਤਰਾ ਮੇਰੇ !

ਉਹ ਸਾਧ ਮਿਲ਼ਿਆ ਮੈਖ਼ਾਨੇ ,
ਜਾਂਦੇ ਸਾਂ ਅਸੀਂ ਜਿਸਦੇ ਡੇਰੇ

ਜਿੰਦੜੀ ਨਾਲ਼ ਮੁਹੱਬਤਾਂ ਕਰੀਏ ,
ਨਾਲ਼ ਮੌਤ ਦੇ ਲਈਏ ਫੇਰੇ

ਰੱਬ ਨੂੰ ਕਿੱਥੇ ਆਣ ਦੀ ਫ਼ੁਰਸਤ?
ਸੁਰਗਾਂ ਵਿਚ ਨੇ ਕੰਮ ਬਥੇਰੇ

ਉਸ ਧਰਤੀ ਦਾ ਸ਼ੁਕਰ ਮਨਾਈਏ ,
ਜਿੱਥੇ ਕਰੀਏ ਅਪਣੇ ਬਸੇਰੇ

'ਅਸ਼ਕ' ਨੂੰ ਮਾਇਆ-ਜਾਲ਼ ਪਿਆਰਾ ,
ਕਿੰਝ ਨਿਵਾਰਣ ਹੋਣਗੇ ਤੇਰੇ ?

ਹਰ ਚਿਹਰਾ

ਹਰ ਚਿਹਰਾ ਵਖਰੇ ਰੰਗ ਦਾ
ਰੰਗ ਬਦਲਣ ਤੋਂ ਨਹੀਂ ਸੰਗਦਾ

ਕਿੰਨੇ ਦਰਿਆਵਾਂ ਦਾ ਪਾਣੀ ,
ਪਿਆਸਾ ਸਾਗਰ ਹੈ ਮੰਗਦਾ

ਕੀ ਕਰਾਂ? ਦਿਲ ਦੀ ਕਮਜ਼ੋਰੀ ,
ਹੋਰ ਦਰਾਂ ਤੋਂ ਨਹੀ ਲੰਘਦਾ

ਰੁੱਸਿਆਂ-ਰੁੱਸਿਆ ਸੱਜਣ ਮੇਰਾ ,
ਨੀਵੀਆਂ ਪਾਈ ਜਾਵੇ ਖੰਘਦਾ

ਪਰਦੇਸਾਂ ਵਿਚ ਹਾਲ ਏ ਸਾਡਾ ,
ਜਿਵੇਂ ਗਵਾਚੀ, ਕਟੀ-ਪਤੰਗ ਦਾ

ਬਣਿਆ ਰਾਮ ਮਸੀਤੇ ਅੱਲਾਹ
ਮੰਦਰ ਅੱਲਾਹ ਸ਼ਿਆਮ ਰੰਗ ਦਾ

ਚਿੱਟਾ ਚੋਲ਼ਾ ਪਹਿਨ ਕੇ ਬਾਬਾ ,
ਪਾਪ ਦੀ ਕਾਲ਼ੀ ਗੰਢ੍ਹ ਬੰਨ੍ਹਦਾ ---

ਜਨਤਾ ਬਾਗ਼ੀ ਵੇਖ ਕੇ ਲੀਡਰ ,
ਐਲਾਨ ਕਰੇ ਧਰਮ-ਜੰਗ ਦਾ

ਥੱਕੇ ਲੱਭਦੇ ਵਿਚ ਬਜ਼ਾਰਾਂ ,
ਕਾਟ ਕੋਈ ਯਾਰ ਦੇ ਡੰਗ ਦਾ

'ਅਸ਼ਕ' ਸਜ਼ਾ ਤੋਂ ਨਹੀ ਮੁਨਕਰ,
ਇਲਜ਼ਾਮ ਤਾਂ ਲਾਉ ਢੰਗ ਦਾ

ਬੂੰਦ-ਬੂੰਦ ਕਰ ਕੇ

ਬੂੰਦ-ਬੂੰਦ ਕਰ ਕੇ ਖ਼ੂਨ ਵਹਾ
ਬਸ ਇਵੇਂ ਹੀ ਤੂ ਜੀਈ ਜਾ

ਆਸ ਦਾ ਦੀਵਾ ਬੁਝ ਨਾ ਜਾਵੇ ,
ਬੱਤੀ ਬਣਕੇ , ਇਹਨੂੰ ਜਲ਼ਾ

ਇਹ ਮੇਰਾ ਮੈਖ਼ਾਨਾ ਏ ,
ਬੁਰਾ ਨਾ ਇਥੇ, ਕੋਈ ਭਲਾ

ਤਨ ਤੋਂ ਕੋਈ, ਮਨ ਤੋਂ ਪਿਆਸਾ ,
ਸਭ ਨੇ ਪਿਆਸੇ, ਪਿਆਸ ਬੁਝਾ

ਡੇਰੇ ਦੇ ਬਾਬਾ ਨੂੰ ਪੁੱਛੋ ,
ਕੀ ਹਸ਼ਰ ਹੋਵੇਗਾ ਤੇਰਾ ?

ਕਰਮਾਂ ਦਾ ਫ਼ਲ਼ ਮਿਲ਼ੇਗਾ ਇੱਥੇ,
ਪੁਰਸਕਾਰ ਜਾਂ ਹੋਵੇ ਸਜ਼ਾ

'ਅਸ਼ਕ' ਹਜ਼ਾਰਾਂ ਦੀ ਬਸਤੀ ਵਿਚ,
ਦੋਸਤ ਨਾਮ ਸਭ ਗਏ ਭੁਲਾ

ਬਾਰ ਗਰਲ

ਜਾਮ ਡੁਲ੍ਹਦੇ ਰਹੇ, ਸ਼ਰਮ ਖੁਲ੍ਹਦੀ ਰਹੀ
ਮੈਕਦੇ ਵਿਚ ਹਾਏ!, ਸਾਕੀ ਰੁਲ਼ਦੀ ਰਹੀ

ਲੱਗੇ ਇਸਦੇ ਗਲ਼ੇ, ਕਦੇ ਉਸਦੇ ਗਲ਼ੇ ,
ਗੱਲ ਦਿਲ ਦੀ ਕਹੇ, ਤਾਂ ਕੀਹਨੂੰ ਕਹੇ ?
ਬੇਬਸੀ ਆਪਣੀ, ਨਾਲ਼ ਘੁਲ਼ਦੀ ਰਹੀ
ਮੈਕਦੇ ਵਿਚ ਹਾਏ! ਸਾਕੀ ਰੁਲ਼ਦੀ ਰਹੀ

ਇੱਕ ਵੇਰਾਂ ਕੁਈ, ਬੱਸ ਇੱਕੋ ਦਫ਼ਾ ,
ਮਿਲ਼ੇ ਐਸਾ ਵਲੀ, ਕਰੇ ਜਿਹੜਾ ਵਫ਼ਾ ,
ਅੱਖ ਤਕਦੀ ਰਹੀ, ਉਮਰ ਢਲ਼ਦੀ ਰਹੀ
ਮੈਕਦੇ ਵਿਚ ਹਾਏ!, ਸਾਕੀ ਰੁਲ਼ਦੀ ਰਹੀ

ਕੀ ਸਪਨੇ ਸੀ ਵੇਖੇ, ਕੀ ਹੋ ਗਿਆ ,
ਰੱਬ ਕਿਸਮਤ ਬਣਾਉਂਦਾ ਮਿਰੀ ਸੌਂ ਗਿਆ,
ਸੋਚ ਦੀ ਲਾਟ ਵਿਚ, ਰੋਜ਼ ਬਲ਼ਦੀ ਰਹੀ
ਮੈਕਦੇ ਵਿਚ ਹਾਏ!, ਸਾਕੀ ਰੁਲ਼ਦੀ ਰਹੀ -----

ਦੀਵਾਨੇ ਬਹੁਤ, ਆਸ਼ਿਕ ਸਨ ਹਜ਼ਾਰ ,
ਇਕ ਰਾਤ ਲਈ, ਸਾਰੇ ਸਨ ਤਿਆਰ ,
ਰਾਹ ਕੰਢਿਆਂ ਦੀ, ਉਹ ਚਲਦੀ ਰਹੀ
ਮੈਕਦੇ ਵਿਚ ਹਾਏ ! ਸਾਕੀ ਰੁਲ਼ਦੀ ਰਹੀ

ਦੇਵਦਾਸੀ ਕਦੀ, ਦਰੋਪਦੀ ਉਹ ਕਿਤੇ,
ਇਸ ਪੁਰਸ਼ ਦੇ ਲਈ, ਰੂਪ ਕਿੰਨੇ ਧਰੇ ,
ਲਾਲਸਾ ਮਰਦ ਦੀ, 'ਅਸ਼ਕ' ਪਲ਼ਦੀ ਰਹੀ
ਮੈਕਦੇ ਵਿਚ ਹਾਏ! ਸਾਕੀ ਰੁਲ਼ਦੀ ਰਹੀ

ਬੰਦੇ ਦੇ ਹੱਥ ਕੀ ਰੱਖਿਆ ?

ਬੰਦੇ ਦੇ ਹੱਥ ਕੀ ਰੱਖਿਆ? ਤਕਦੀਰ ਤੂੰ ਬਣਾਤੀ
ਭੁੱਲੇ ਨਾ ਤੈਨੂੰ ਕੋਈ, ਤਦਬੀਰ ਤੂੰ ਬਣਾਤੀ

ਅੰਬਰਾਂ ਤੋਂ ਪਾਰ ਜਾਈਏ, ਪਰਮਾਣੂੰ ਦੇ ਜਾਂ ਅੰਦਰ ,
ਦੁਨੀਆਂ 'ਚ ਹੋਰ ਦੁਨੀਆਂ, ਐ ਪੀਰ! ਤੂੰ ਬਣਾਤੀ

ਮੱਝੀਆਂ ਨਾ ਚਾਰੇ ਪਾਗਲ, ਤਾਂ ਹੋਰ ਕੀ ਕਰੇ ਫਿਰ?
ਰਾਂਝਾ ਸ਼ੁਦਾਈ ਹੋਇਆ, ਜੋ ਹੀਰ ਤੂੰ ਬਣਾਤੀ

ਮਸਰੂਫ਼ ਹਰ ਕੁਈ ਹੈ, ਮਜਬੂਰ ਹਰ ਕੁਈ ਹੈ,
ਭੁੱਖ ਪੇਟ ਦੀ ਇਹ ਕੇਹੀ, ਜ਼ੰਜੀਰ ਤੂੰ ਬਣਾਤੀ ?

ਜੇ 'ਅਸ਼ਕ' ਰਬ ਮਿਲੇ ਤਾਂ, ਪੁੱਛੀਏ ਹਰੇਕ ਦਿਲ ਵਿਚ ,
ਕਿਉਂ ਵਖਰੀ-ਵਖਰੀ ਅਪਣੀ, ਤਸਵੀਰ ਤੂੰ ਬਣਾਤੀ ?

ਟੁੱਟਿਆ ਰਿਸ਼ਤਾ ਜਦੋਂ

ਟੁੱਟਿਆ ਰਿਸ਼ਤਾ ਜਦੋਂ, ਉਹ ਹੋਰ ਪਿਆਰਾ ਹੋ ਗਿਆ
ਪਹਿਲਾਂ ਮੇਰਾ ਰੱਬ ਸੀ, ਰੱਬ ਤੋਂ ਨਿਆਰਾ ਹੋ ਗਿਆ

ਸਾਂਭ ਦਿਲ ਦੀ ਜੇ ਮੈਂ ਕਰਦਾ,ਤਾਂ ਮੈਂ ਕਰਦਾ ਕਿਸ ਤਰ੍ਹਾਂ ?
ਹਰ ਸਿਤਮ ਹੀ ਯਾਰ ਦਾ, ਇਹਨੂੰ ਗਵਾਰਾ ਹੋ ਗਿਆ

ਫਿਰ ਸਮੇਂ ਦੀ ਦੌੜ ਅੰਦਰ, ਇਸ਼ਕ ਪਿੱਛੇ ਰਹਿ ਗਿਆ ,
ਬਣ ਗਏ ਦਰਿਆ ਦੇ ਕੰਢੇ, ਵਿਚ ਪਸਾਰਾ ਹੋ ਗਿਆ

ਪਕੜਦਾ ਜਿਸਨੂੰ ਰਿਹਾ ਮੈਂ, ਇਕ ਛਲ਼ਾਵਾ ਨਿਕਲ਼ਿਆ,
ਹੱਥਾਂ ਦੇ ਵਿਚ ਲਿਸ਼ਕਦਾ, ਉਹ ਪਾਰਾ-ਪਾਰਾ ਹੋ ਗਿਆ

ਪੱਤਿਆਂ ਦੇ ਨਾਲ਼ ਨਹੀਓਂ, ਘਰ ਦੀਆਂ ਕੰਧਾਂ ਬਣਦੀਆਂ ,
ਘਰ ਦਿਆਂ ਨੂੰ ਫ਼ਿਰ ਕਿਵੇਂ, ਇਹਦਾ ਸਹਾਰਾ ਹੋ ਗਿਆ ?

ਵਕਤ ਤਾਂ ਚਿਣਦਾ ਰਿਹਾ ਸੀ, ਚੁਣ ਕੇ ਟੋਟੇ ਏਸਦੇ,
ਕੰਧ ਸਧਰਾਂ ਦੀ ਗਿਰੀ, ਮੈਂ ਗਾਰਾ-ਗਾਰਾ ਹੋ ਗਿਆ

ਢਾਲ਼ ਕੇ ਸ਼ੀਸ਼ੇ 'ਚ ਅੱਖਰ, ਕਹਿ ਰਹੀ ਹੈ ਇਹ ਗ਼ਜ਼ਲ,
ਰੂਹ ਦਾ ਚੱਲਣ 'ਅਸ਼ਕ' ਲਈ, ਚਾਨਣ ਮੁਨਾਰਾ ਹੋ ਗਿਆ

ਜੰਗ ਮਾਰੇ ਸ਼ਬਦ ਦੀ ਹੁਣ

ਵੇਖੀਏ ਜਿੱਧਰ ਦਿਸੇ ਛਵੀ, ਅਪਨੇ ਸਿਰਜਨਹਾਰ ਦੀ
ਆ ਬਣਾਈਏ ਇਸ ਤਰ੍ਹਾਂ, ਤਸਵੀਰ ਘਰ ਸੰਸਾਰ ਦੀ

ਮਿਲ਼ਦੇ ਨਹੀਂ ਹੋਰ ਕਿਤੇ, ਜੀਵ-ਜੰਤੂ, ਪਾਣੀ, ਹਵਾ,
ਹੈ ਨਿਸ਼ਾਨੀ ਧਰਤ ਰਬ ਦੇ, ਪਿਆਰ ਤੇ ਮਲਹਾਰ ਦੀ

ਰੰਗ ਬਰੰਗੇ ਫੁੱਲ ਹਾਂ, ਜਿਸ ਬਾਗ਼ਬਾਂ ਦੇ ਬਾਗ਼ ਦੇ ,
ਦਿਲ ਦੇ ਵਿਚ ਹਸਰਤ ਬੜੀ, ਹੈ ਓਸਦੇ ਦੀਦਾਰ ਦੀ

ਬੋਲ ਮਿੱਠੇ ਬੋਲੀਏ , ਨਾ ਕੁਫ਼ਰ ਕੋਈ ਘੋਲ਼ੀਏ ,
ਜੰਗ ਮਾਰੇ ਸ਼ਬਦ ਦੀ ਹੁਣ , ਬੰਬਾਂ ਦੀ ਨਾ ਮਾਰਦੀ

ਫ਼ਰਜ਼ ਨਾ ਭੁੱਲ ਜਾਈਏ , ਲੜੀਏ ਜਦੋਂ ਹੱਕਾਂ ਲਈ ,
ਜ਼ਿੰਦਗੀ ਬਣਦੀ ਹੈ ਤਾਂਹੀਓਂ, ਖ਼ੂਬ ਉੱਚੇ ਮਿਆਰ ਦੀ

ਤੇਰੀਆਂ ਮਿਹਰਾਂ ਨੇ ਇੰਨੀਆਂ, ਗਿਣ ਨਾ ਮੈਥੋਂ ਹੁੰਦੀਆਂ ,
ਕਰਜ਼ ਤੋਂ ਮੁਕਤੀ ਮਿਲ਼ੇ , ਇਹ ਬੇਨਤੀ ਸਿਕਦਾਰ ਦੀ

ਆਸਥਾ, ਸ਼ਰਧਾ, ਸਬੂਰੀ, ਰੰਗ ਮੇਰੇ ਸਾਈਂ ਦੇ ,
ਰੰਗ ਲੈ ਰੂਹ 'ਅਸ਼ਕ' ਇਸ ਵਿਚ, ਆਪਣੇ ਕਿਰਦਾਰ ਦੀ

ਵਸਦਾ ਏਂ ਤੂੰ ਸਾਹਾਂ ਦੇ ਵਿਚ

ਵਸਦਾ ਏਂ ਤੂੰ ਸਾਹਾਂ ਦੇ ਵਿਚ
ਮਿਲ਼ ਸਜਣਾ ! ਕਦੇ ਰਾਹਾਂ ਦੇ ਵਿਚ

ਮਲ੍ਹਮ ਪੱਟੀ ਨਾ ਕਰ ਮੇਰੀ ,
ਬਹੁਤ ਮਜ਼ਾ ਏ ਘਾਵਾਂ ਦੇ ਵਿਚ

ਆਖਰ ਤੂੰ ਧਰਤੀ 'ਤੇ ਆਉਣਾ,
ਉਡ ਨਾ ਇੰਜ ਹਵਾਵਾਂ ਦੇ ਵਿਚ

ਚੜ੍ਹਦਾ, ਲਹਿੰਦਾ ਸੂਰਜ ਇੱਕੋ ,
ਇਕ ਪਾਣੀ ਦਰਿਆਵਾਂ ਦੇ ਵਿਚ

ਰੋਜ਼-ਰੋਜ਼ ਦੇ ਸੁਣਕੇ ਘਪਲੇ ,
ਬਾਗ਼ੀ ਸੁਰ ਹਵਾਵਾਂ ਦੇ ਵਿਚ

ਵੇਖੀਂ 'ਅਸ਼ਕ' ਤੂੰ ਵੀ ਵਿਕ ਜਾਣਾ,
ਬੋਲੀ ਪਈ ਜਦ ਸ਼ਾਹਾਂ ਦੇ ਵਿਚ

ਸਾਹਾਂ ਨੂੰ ਜੋਗੀ ਤੂੰ ਬਣਾ

ਸਾਹਾਂ ਨੂੰ ਜੋਗੀ ਤੂੰ ਬਣਾ
ਰਾਹਾਂ ਦੇ ਤੂੰ ਦਰਦ ਵੰਡਾ

ਚੜ੍ਹਦਾ, ਲਹਿੰਦਾ ਸੂਰਜ ਇੱਕੋ,
ਇੱਕ ਅਸਾਡਾ ਬੁੱਲੇ ਸ਼ਾਹ

ਵਕਤ ਨੇ ਤਾਂ ਟੁਰਦੇ ਜਾਣਾ,
ਹੱਥ ਪਕੜਕੇ ਨਾਲ਼ ਚਲਾ

ਇੰਜ ਰੁੱਸਕੇ ਨਾ ਬੈਠ ਹਮੇਸ਼ਾ ,
ਰੁੱਸਿਆ ਹੋਇਆ ਕਦੇ ਮਨਾ

ਇਸ਼ਕ ਰੋਗ ਅਵੱਲੜਾ ਯਾਰਾ !
ਦੁਨੀਆਂ ਸਾਰੀ ਦੇਂਦਾ ਭੁਲਾ

ਜੀਅ 'ਅਸ਼ਕ' ਮਾਇਆ ਵਿਚ ,
ਸਾਂਈ ਨਾਮ ਦੀ ਅਲਖ਼ ਜਗਾ

ਕੀ ਕਹਾਂ ? ਮੈਂ ਕੀ ਕਹਾਂ ?

ਕੀ ਕਹਾਂ, ਮੈਂ ਕੀ ਕਹਾਂ, ਚੰਨ ਤਾਰਿਆਂ ਨੂੰ ਕੀ ਕਹਾਂ ?
ਕਿਉਂ ਨਹੀਂ ਆਇਆ ਅਜੇ, ਮੈਂ ਸਾਰਿਆਂ ਨੂੰ ਕੀ ਕਹਾਂ ?

ਵਾਟ ਤੇਰੀ ਤੱਕਦਾ ਚੰਨ ਤਾਂ ਕਦੋਂ ਦਾ ਸੌਂ ਗਿਆ ,
ਨਾਲ਼ ਮੇਰੇ ਜਾਗਦੇ ਨੱਜ਼ਾਰਿਆਂ ਨੂੰ ਕੀ ਕਹਾਂ ?

ਦੋਸਤਾਂ ਦੀਆਂ ਮਹਿਫਲਾਂ ਵਿਚ ਹੱਸਦਾ ਹਾਂ ਬਾਰ-ਬਾਰ,
ਸੁੰਨੀ ਬੁੱਕਲ ਸੁਲਘਦੇ ਅੰਗਾਰਿਆਂ ਨੂੰ ਕੀ ਕਹਾਂ ?

ਕੌਣ ਹੁਣ ਰੁੱਸੇਗਾ ਤੇ ਮੈਨੂੰ ਮਨਾਇਗਾ ਵੀ ਕੌਣ ?
ਦਿਲ 'ਚ ਉਠਦੇ ਵਲਵਲੇ ਬੇਚਾਰਿਆਂ ਨੂੰ ਕੀ ਕਹਾ ?

ਆਵਣਾ ਨਹੀਂ ਤੂੰ ਕਦੇ 'ਅਸ਼ਕ' ਤਾਂ ਇਹ ਜਾਣਦਾ,
ਲਟਕੇ ਹੋਏ ਸਾਹਾਂ ਦੇ ਸਿਸਕਾਰਿਆਂ ਨੂੰ ਕੀ ਕਹਾਂ ?

ਤੂੰ ਜੋ ਟੁਰਿਆ ਨਾਲ਼ ਵੇ !

ਤੂੰ ਜੋ ਟੁਰਿਆ ਨਾਲ਼ ਵੇ ! ਟੋਰ ਮੇਰੀ ਬਦਲ ਗਈ
ਮਦਹੋਸ਼ ਹੋਈਆਂ ਹਸਰਤਾਂ, ਖੁਸ਼ਬੂ ਤੇਰੀ ਜਦ ਰਲ਼ ਗਈ

ਤੂੰ ਮਿਲ਼ੇਂ ਤਾਂ ਮਿਲ਼ੇ ਖੁਦਾ, ਬਿਨ ਤੇਰੇ ਰਹਾਂ ਗ਼ਮਜ਼ਦਾ,
ਜ਼ਿੰਦਗੀ ਕੁਝ ਇਸ ਤਰ੍ਹਾਂ, ਹੈ ਮੇਰੀ ਬਦਲ ਗਈ

ਧੜਕਣਾਂ ਵਿਚ ਵਸਦਾ ਏਂ, ਤੂੰ ਤਾਂ ਸਾਹਾਂ ਦੀ ਤਰ੍ਹਾਂ ,
ਦੂਰ ਹੋਵੇਂ ਲਗਦਾ ਇਵੇਂ, ਜਾਨ ਮੇਰੀ ਨਿਕਲ਼ ਗਈ

ਵੇਖਿਆ ਧਰਤੀ ਦਾ ਚੰਨ, ਚੰਨ ਅਰਸ਼ਾਂ ਦਾ ਸ਼ਰਮਾ ਗਿਆ ,
ਪੋਹ ਦੀ ਪਹਿਲੀ ਕਿਰਨ, ਤੈਨੂੰ ਵੇਖਕੇ ਮਚਲ ਗਈ

ਹੀਰ ਰਾਂਝਾ ਤਾਂ ਨਹੀਂ, ਪਰ ਜਦੋਂ ਇਕ ਰਾਹ ਹੋਏ ,
ਡੋਰ ਦਿਲ ਦੀ ਰੱਬਾ, ਹੱਥੋਂ ਮੇਰੇ ਫਿਸਲ ਗਈ

ਕੀਤੇ ਹੋਣੇ 'ਅਸ਼ਕ' ਨੇ, ਪਿਛਲੇ ਜਨਮ ਚੰਗੇ ਕਰਮ ,
ਸ਼ਬਦਾਂ ਵਿਚ ਰੂਪੋਸ਼ ਹੋ , ਤੂੰ ਬਣ ਮੇਰੀ ਗ਼ਜ਼ਲ ਗਈ

ਬਣਕੇ ਮਨੁੱਖੀ ਬੰਬ ਉਹ

ਉਮਰ ਸਾਰੀ ਕੱਢਤੀ, ਕਰ ਬੰਦਗੀ ਭਗਵਾਨ ਦੀ
ਅੱਖ ਤਾਂ ਵੀ ਨਾ ਖੁਲ੍ਹੀ, ਸੋਏ ਹੋਏ ਇਨਸਾਨ ਦੀ

ਜੀਵ-ਜੰਤੂ, 'ਵਾ ਤੇ ਪਾਣੀ, ਨਸ਼ਟ ਸਾਰੇ ਹੋ ਰਹੇ,
ਲਾਲਸਾ ਮਿਟਦੀ ਨਹੀਂ, ਆਦਮ ਬਣੇ ਸ਼ੈਤਾਨ ਦੀ

ਬੱਚੀਆਂ ਦਾ ਕਤਲ ਕਰਦੇ, ਮਾਪਿਆਂ ਨਾ ਸੋਚਿਆ,
ਵੇਲ ਕੀਕਣ ਫਿਰ ਵਧੂਗੀ, ਸਾਡੇ ਖ਼ਾਨਦਾਨ ਦੀ ?

ਬੰਬ ਬਣਕੇ ਉਹ ਮਨੁੱਖੀ, ਸੁਰਗੀਂ ਹੂਰਾਂ ਢੂੰਡਦੇ ,
ਸੋਚ ਕੀਕਣ ਹੈ ਵਿਗਾੜੀ , ਬੱਚਿਆਂ ਨਾਦਾਨ ਦੀ

ਸੋਚ ਦੀ ਜੇ ਸਾਰ ਹੁਣ ਵੀ, 'ਅਸ਼ਕ' ਲੋਕਾਂ ਨਾ ਲਈ,
ਜੰਗ ਛੇੜੂ ਫੇਰ ਕੁਦਰਤ, ਹਰ ਜਗ੍ਹਾ ਘਮਸਾਨ ਦੀ

ਪੱਥਰੋ! ਕਿਉਂ ਅੱਜ ਮੈਨੂੰ ?

ਪੱਥਰੋ! ਕਿਉਂ ਅੱਜ ਮੈਨੂੰ, ਮਾਰਨੇ ਤੋਂ ਰੁਕ ਗਏ ?
ਹੱਥ ਲੋਕਾਂ ਦੇ ਨੇ ਥੱਕੇ ,ਜਾਂ ਤੁਸੀਂ ਹੋ ਮੁਕ ਗਏ ?

ਜਾਦੂ-ਟੋਣਾ ਸੀ ਕੁਈ, ਜਾਂ ਫੇਰ ਉਹ ਨਾਦਾਨ ਸੀ ?
ਝੋਲ਼ਾ ਬੰਬਾਂ ਦਾ ਫੜਾ ਕੇ, ਆਪ ਕਾਤਲ ਲੁਕ ਗਏ

ਆਦਮੀ ਹੈ ਵਿਕ ਰਿਹਾ,ਈਮਾਨ ਵੀ ਏਥੇ ਵਿਕੇ ,
ਜੱਗ ਤੇਰੇ ਵਿੱਚ ਰੱਬਾ!, ਪਿਆਰ-ਸੋਮੇ ਸੁਕ ਗਏ

ਦਿਲ ਮਿਲ਼ਾਇਆ ਨਾ ਕਦੇ, ਉਗੰਲ਼ ਉਠਾਂਦੇ ਹੀ ਰਹੇ ,
ਵੇਖਕੇ ਬੰਦੇ ਦੀ ਹੈਂਕੜ , ਸਭ ਫਰਿਸ਼ਤੇ ਝੁਕ ਗਏ

ਸ਼ਾਨਤੀ ਖ਼ਾਤਰ ਇੱਥੇ ,ਜੰਗਾਂ ਹੀ ਜੰਗਾਂ ਚਲ ਰਹੀਆਂ ,
ਕਿੰਜ ਉਡੇ ਘੁੱਗੀ ਵਿਚਾਰੀ,ਖੰਭ ਕਾਂ ਨੇ ਟੁਕ ਗਏ ?

ਬਹੁੜ ਛੇਤੀ ਮਾਲਕਾ ! ਇਨਸਾਫ ਜੇ ਕਰਦਾ ਏਂ ਤੂੰ ,
'ਅਸ਼ਕ' ਆਖੇ ਫਿਰ ਸ਼ੈਤਾਂ ਨੂੰ, ਦਿਨ ਨੇ ਤੇਰੇ ਮੁਕ ਗਏ !

ਤਾਰਿਆਂ ਦੇ ਨਾਲ਼

ਸਾਹਾਂ ਨੇ ਉਡ ਜਾਣਾ, ਸਜਣਾਂ ! ਗੁਬਾਰਿਆਂ ਦੇ ਨਾਲ਼
ਸਭਨਾਂ ਈ ਜੁੜ ਜਾਣਾ, ਇਕ ਦਿਨ, ਤਾਰਿਆਂ ਦੇ ਨਾਲ਼

ਰੱਬ ਦੀ ਹੋਂਦ ਤੋਂ, ਹੋਏ ਮੁਨਕਰ, ਨਾ ਮਿਲਿਆ ਕੋਈ ਹੋਰ,
ਉਮਰ ਬੀਤਦੀ , ਸਦਕੇ ਜੀਹਦੇ , ਸਹਾਰਿਆਂ ਦੇ ਨਾਲ਼

ਦਿਲ ਦਾ ਮਹਿਰਮ, ਇੱਕੋ ਹੁੰਦਾ, ਹੁੰਦਾ ਇੱਕ ਮਸੀਹਾ,
ਇਸ਼ਕ ਨਹੀਉ, ਏ ਹੁੰਦਾ ਯਾਰਾ ! ਸਾਰਿਆਂ ਦੇ ਨਾਲ਼

ਤੂੰ ਈ ਏਂ ਮੇਰੇ, ਦਿਲ ਦਾ ਜਾਨੀ, ਬਿਨ ਤੇਰੇ ਨਾ ਕੋਈ,
ਕਿੰਨਾ ਮੈਂ, ਸਮਝਾਇਆ ਤੈਨੂੰ , ਇਸ਼ਾਰਿਆਂ ਦੇ ਨਾਲ਼

ਬਹਿ ਜਾ ਸੱਜਨਾਂ, ਸਾਹਮਣੇ ਮੇਰੇ, ਪਾ ਅੱਖਾਂ ਵਿਚ ਅੱਖਾਂ,
ਨਹੀਉ ਹੁਣ, ਦਿਲ ਲਗਦਾ ਮੇਰਾ , ਨਜ਼ਾਰਿਆਂ ਦੇ ਨਾਲ਼

ਫਾਨੀ ਦੁਨੀਆਂ, ਵਿਚ 'ਅਸ਼ਕਾ'! ਨਹੀਂ ਸਦਾ ਕਿਸੇ ਰਹਿਣਾ,
ਬਹਿ ਛੱਲਾਂ ਤੇ , ਕਰ ਲੈ ਗੱਲਾਂ, ਕਿਨਾਰਿਆਂ ਦੇ ਨਾਲ਼

ਗੁਰੂਆਂ ਨੇ ਕਿੰਨਾ ਚੰਗਾ !

ਸੂਰਜ ਕਿਰਨ ਨੇ ਸੁਬਹਾ, ਹਸਕੇ ਪਰਣਾਮ ਕੀਤਾ
ਰੱਬ ਜੀ ਨੇ ਬੰਦਗੀ ਦਾ, ਇੰਜ ਇਹਤਰਾਮ ਕੀਤਾ

ਮੱਠੀ ਹਵਾ ਦੀ ਧੁਨ 'ਤੇ , ਨਚਦੇ ਆਕਾਸ਼ੀ ਰੰਗ,
ਮਧੁਸ਼ਾਲਾ ਵਿਚ ਅਨੋਖਾ, ਨਜ਼ਰਾਂ ਦਾ ਜਾਮ ਕੀਤਾ

ਮਾਂ ਧਰਤ, ਪੌਣ ਗੁਰ, ਪਾਣੀ ਪਿਤਾ ਮੰਨਿਆਂ
ਗੁਰੂਆਂ ਨੇ ਕਿੰਨਾ ਚੰਗਾ! ਸੁਹਣਾ ਕਲਾਮ ਕੀਤਾ

ਬੇਅੰਤ ਤੇਰੀ ਦੁਨੀਆਂ, ਐਟਮ, ਪੁਲਾੜ, ਜੀਵਨ,
ਕਾਰੀਗ਼ਰੀ ਨੂੰ ਰੱਬਾ ,ਝੁਕ-ਝੁਕ ਸਲਾਮ ਕੀਤਾ

ਈਮੇਲ , ਫੋਨ ,ਫ਼ੈਕਸ, ਹਾਵੀ ਨੇ ਹੋਏ ਕਿੰਨੇ,
ਇਕ ਸੁਖ ਦੀ ਨੀਂਦ ਸੋਣਾ ਇਹਨਾਂ ਹਰਾਮ ਕੀਤਾ

ਕਰਦਾ ਹੈ ਸ਼ੀਸ਼ਾ ਮੈਨੂੰ, ਸੌ-ਸੌ ਸਵਾਲ ਦਿਨ ਵਿਚ,
ਤੂੰ ਆਪਣੇ ਤੋਂ ਜ਼ਿਆਦਾ, ਮੇਰਾ ਕਿਉਂ ਦਾਮ ਕੀਤਾ?

ਮਾਇਆ 'ਚ ਨੀਂਦ ਗੁੜ੍ਹੀ, ਕਿੰਝ 'ਅਸ਼ਕ' ਸੌਂ ਗਿਆ ਤੂੰ,
ਆਇਆ ਉਹ ਵਾਰ ਕਿੰਨੀ, ਨਾ ਤੂੰ ਸਲਾਮ ਕੀਤਾ

ਮਨ ਮੇਰਾ ਇਕ ਚੰਚਲ ਬੰਦਰ

ਮਨ ਮੇਰਾ, ਇਕ ਚੰਚਲ ਬੰਦਰ
ਬਣਦਾ ਨੀ, ਇਹ ਮਸਤ ਕਲੰਦਰ

ਕਿੰਜ ਦੀ, ਦੁਨੀਆਂ ਹੁੰਦੀ ਜੇਕਰ ,
ਜੋ ਬਾਹਰ, ਉਹ ਹੁੰਦਾ ਅੰਦਰ

ਜਿੱਤਣ ਦੀ ਮਰਿਗ-ਤਰਿਸ਼ਨਾ ਟੁੱਟੀ,
ਘਰ ਵੱਲ,ਪਰਤ ਪਿਆ ਸਿਕੰਦਰ

ਬੱਦਲ ਛਟਿਆ, ਜਲ-ਥਲ ਹੋਇਆ,
ਕਹਿਰ ਢਾਹ ਗਿਆ ਰਾਜਾ ਇੰਦਰ

ਭਗਤ ਤੇ ਸਾਰੇ, ਛਨਾਹ ਹੋ ਗਏ,
ਜ਼ਿੰਦਾ ਰਿਹਾ, ਰਿਹਾ ਸ਼ਿਵ-ਮੰਦਰ

ਇਕ ਮਿੱਠੀ ਮੁਸਕਾਨ ਦੇ ਅੱਗੇ,
ਹੋਏ ਨਿਤਾਣੇ ਕਿੰਨੇ ਧੁਰੰਤਰ

'ਅਸ਼ਕ' ਸਮੇਂ ਤੋਂ ਪੱਛੜ ਗਿਆ ਤੂੰ,
ਨਾ ਉਹ ਦਿੱਲੀ ,ਨਾ ਉਹ ਜਲੰਧਰ

ਯੂਥੇਨੇਜ਼ੀਆ(ਸਵੈ-ਇੱਛਾ ਮੌਤ)

ਜਦ ਸਮਾਂ ਆਵੇ ਮੈਨੂੰ ਸੁਲ਼ਾ ਦੇਵੀਂ ਯਾਰਾ!
ਨਾ ਮੇਰੇ ਸਾਹਾਂ ਨੂੰ ਹੋਰ ਹਵਾ ਦੇਵੀਂ ਯਾਰਾ!

ਖੂਬ ਮਾਣੀ ਇਹ ਜ਼ਿੰਦਗੀ ਨਾ ਗਿਲਾ ਕੋਈ,
ਚੈਨ ਮੈਂ ਪਾਵਾਂ ਉੱਥੇ ਦੁਆ ਦੇਵੀਂ ਯਾਰਾ !

ਮੇਰੇ ਗਮਾਂ 'ਚ ਸਕੂਨ ਜੋ ਵਿਖਰਾਵੇ ,
ਵਹਿੰਦੀ ਐਸੀ ਕੋਈ ਸਬਾ ਦੇਵੀਂ ਯਾਰਾ!

ਬੇਜਾਨ ਜ਼ਿੰਦਾ ਰਿਹਾਂ ਨਹੀ ਕਬੂਲ਼ ਇਹ,
ਹੱਸਕੇ 'ਅਸ਼ਕ' ਨੂੰ ਵਿਦਾ ਦੇਵੀਂ ਯਾਰਾ!

**** ਆਧਾਰ- ਸ੍ਰ ਰੌਡਰਿਗਜ਼ ਬੀ।ਸੀ, **1993** ਤੋਂ ਪਰੇਰਤ ਜਿਸਨੇ ਸੁਪਰੀਮ ਕੋਰਟ ਬੀ.ਸੀ., ਕੈਨੇਡਾ ਵਿਚ ਸਵੈ-ਇੱਛਾ ਮੌਤ ਲਈ ਲੜਾਈ ਲੜੀ*

ਸੁਰਗ਼ ਲੋਚਦਾ ਮੁੰਡਾ

ਕਿਰਦੀ ਜਾਂਦੀ ਜਿੰਦੜੀ,ਪਲ-ਪਲ ਵੇ ਸਾਈਆਂ !!
ਟਾਲ਼ਦੇ ਕਹਿੰਦੇ-ਕਹਿੰਦੇ, 'ਕੱਲ੍ਹ-ਕੱਲ੍ਹ'!ਵੇ ਸਾਈਆਂ!!

'ਤੇਰਾ ਮੇਰਾ ਰਿਸ਼ਤਾ ਕੀ', ਇਹ ਦਸ ਤਾਂ ਆਖਰ ,
ਦੇ ਸਮਝਣ ਦੀ ਨਾਲ਼ੇ , ਅਕਲ ਵੇ ਸਾਈਆਂ !!

ਤੈਨੂੰ ਯਾਦ ਤਾਂ ਕੀਤਾ, ਪਰ ਓਦੋਂ ਹੀ ਕੀਤਾ ,
ਜਦੋਂ ਪਈ ਕੋਈ ਮੈਨੂੰ, ਮੁਸ਼ਕਲ ਵੇ ਸਾਈਆਂ !!

ਸੁਰਗ਼ ਲੋਚਦਾ ਮੁੰਡਾ, ਬੰਬ ਬਣਕੇ ਜੁਨੂੰ ਵਿਚ,
ਕਰਦਾ ਏ ਲੋਕਾਂ ਦੇ, ਕਤਲ ਵੇ ਸਾਈਆਂ !!

ਧਰਮ ਦੀ ਖਾਤਰ, ਹੋ ਰਹੇ ਬੇਧਰਮੀ ਬੰਦੇ ,
ਕੱਢ ਇਹਨਾਂ ਦਾ ਕੋਈ ,ਤੂੰ ਹੱਲ ਵੇ ਸਾਈਆਂ !!

ਪੌਣ-ਪਾਣੀ, ਵਾਤਾਵਰਣ ਕਰ ਦਿੱਤੇ ਗੰਧਲ਼ੇ,
ਧਰਤ-ਮਾਤ ਦੇ ਮੁਕ ਰਹੇ, ਜੰਗਲ਼ ਵੇ ਸਾਈਆਂ !!

ਵਧ ਰਹੀ ਨਿਤ ਗਿਣਤੀ, ਭੁੱਖੇ ਪੇਟਾਂ ਦੀ,
ਧਨ ਦੀ ਕਾਣੀ ਵੰਡ, ਪਾ ਠੱਲ੍ਹ ਵੇ ਸਾਈਆਂ !!

ਦੁਨੀਆਂ ਬੜੀ ਪਿਆਰੀ, ਜੀਣਾ ਚਾਹਾਂ ਰੱਜਕੇ,
ਵਿਚਰਾਂ ਇੱਥੇ ਕਿੰਜ ਬਣ, ਕਮਲ ਵੇ ਸਾਈਆਂ !!

ਦਰਵੇਸ਼ ਅਸੀਂ ਮਗ਼ਨ ਹੋ, ਤੇਰੇ ਵਿਚ ਨੱਚਦੇ,
ਲੋਕੀਂ ਸਮਝਣ, ਕਹਿਣ, ਪਾਗਲ ਵੇ ਸਾਈਆਂ !!

ਅਰਜ਼ 'ਅਸ਼ਕ' ਦੀ ਇਹ ਕਲਮ, ਓਦੋਂ ਹੀ ਰੋਕੀਂ,
ਅੱਖੀਆਂ ਲੱਗੀਆਂ ਹੋਣ,ਤੇਰੇ ਵੱਲ ਵੇ ਸਾਈਆਂ !!

ਕੌਣ ?

ਸ਼ਹਿਰ 'ਚ ਦੋਸਤ ਬਣਾਦਾ ਕੌਣ ?
ਮੇਰਾ ਸਾਥ ਨਿਭਾਂਦਾ ਕੌਣ ?

ਬਿਨ ਮੰਜ਼ਿਲ ਦੇ ਭੱਜੇ ਜਾਂਦੇ ,
ਡਿੱਗਿਆ ਗਲ਼ੇ ਲਗਾਂਦਾ ਕੌਣ ?

ਕਾਂਵਾਂ-ਰੌਲ਼ੀ ਦੇ ਜੰਗਲ ਵਿਚ,
ਸੁਣਦਾ ਕੌਣ, ਸੁਣਾਂਦਾ ਕੌਣ ?

ਮੈਂ ਵੀ ਕੋਈ ਵਖਰਾ ਨਹੀਂ ,
ਇਹ ਮੈਨੂੰ ਸਮਝਾਂਦਾ ਕੌਣ ?

ਸਾਗਰ ਜਾ ਕਿਸ਼ਨ ਸੌਂ ਗਿਆ
ਨਾਗ ਨੂੰ ਨਾਚ ਨਚਾਂਦਾ ਕੋਣ ?

ਦੇਖਕੇ ਹੰਝੂ ਮੇਰੇ ਰੋਇਆ,
ਮੇਰਾ ਦਿਲ ਬਹਿਲਾਂਦਾ ਕੌਣ ?

ਲੀਡਰ ਬਣਨ ਦੇ ਸਾਰੇ ਇੱਛਕ,
ਸੇਵਕ ਬਣਨਾ ਚਾਂਹਦਾ ਕੌਣ ?

ਵੋਟਰ ਭੁੱਲਿਆ ਅਪਨੀ ਤਾਕਤ,
ਦਾਗ਼ੀ ਆਗੂ ਹਰਾਂਦਾ ਕੌਣ ?

ਮੈਖ਼ਾਨੇ ਵਿਚ 'ਅਸ਼ਕ' ਗਵਾਚਾ,
ਘਰ ਦੀ ਰਾਹ ਦਿਖਾਂਦਾ ਕੌਣ ?

ਨਵਾਂ ਯੁਗ

ਆਓ! ਨਵਾਂ ਇਕ, ਯੁਗ ਚਲਾਈਏ
ਖੁਸ਼ੀਆਂ ਹਰ, ਪਾਸੇ ਵਰਤਾਈਏ

ਮਾਨਸ ਰੂਪ ਹੈ, ਦਾਤ ਪ੍ਰਭੂ ਦੀ ,
ਦਰ ਉਸਦੇ ਜਾ, ਸੀਸ ਨਿਵਾਈਏ

ਜੰਗਾਂ ਤਾਂ ਬਸ, ਕਰਨ ਉਜਾੜੇ ,
ਹੋਰ ਨੀ ਲੜਣੀ,ਕਸਮਾਂ ਖਾਈਏ

ਪਰਦੂਸ਼ਨ ਹੜ੍ਹ, ਅੰਦਰ-ਬਾਹਰ,
ਸੋਚ ਕੇ ਦੱਸੋ, ਕਿਵੇਂ ਮਿਟਾਈਏ ?

ਗੁੱਸੇ, ਗਿਲ਼ੇ ਤੇ, ਹਉਮੈ ਤਜ ਕੇ,
ਵੈਰੀ ਨੂੰ ਵੀ, ਅਪਣਾ ਬਣਾਈਏ

'ਅਸ਼ਕ' ਅਜਾਈਂ, ਸਮਾਂ ਨਾ ਕਰ ਵੇ !
ਚਲ ! ਕੋਈ ਰੋਂਦਾ,ਅੱਜ ਹਸਾਈਏ

ਧਰਮ ਸੱਤਾ ਦੇ ਸੌਦਾਗਰ

ਬਣਕੇ ਧਰਮ ਦੇ, ਮੁਹਤਬਰ ਡਰਾਂਵਦੇ ਨੇ
ਸੋਚ ਵੱਖਰੀ ਤੇ, ਪਹਿਰਾ ਲਗਾਂਵਦੇ ਨੇ

ਤੱਪੜ ਮੇਜ਼ ਕੀ! ਜੀ ਕੁਰਸੀ ਖਾਤਰ,
ਮੰਦਰ, ਮਸਜਿਦ, ਵੀ ਢੇਰ ਕਰਾਂਵਦੇ ਨੇ

ਕਹਿੰਦੇ ਜੰਨਤ, ਮਿਲਸੀ ਇਨ੍ਹਾਂ ਰਾਹੀਂ ,
ਬਾਕੀ ਸਾਰੇ, ਕਾਫ਼ਰ ਸਦਾਂਵਦੇ ਨੇ

ਸਾਂਭ ਰੱਖੀ ਸੱਤਾ, ਘਰ ਮੰਡਲੀ ਵਿਚ ,
ਫੋਕੇ ਨਾਹਰਿਆਂ, ਲੋਕ ਭਰਮਾਂਵਦੇ ਨੇ

ਬੈਠ ਨਦੀ ਕੰਢੇ ,'ਅਸ਼ਕ' ਭੁੱਲ ਦੁਨੀਆਂ,
ਵੇਖ ਛੱਲ ਕਿਵੇਂ, ਮਨ ਪਰਚਾਂਵਦੇ ਨੇ

ਪਾ ਪੈਰੀਂ ਤੇਰੇ ਝਾਂਜਰਾਂ

ਪਾ ਪੈਰੀਂ ਤੇਰੇ ਝਾਂਜਰਾਂ, ਰਿਝਾਇਆ ਏ ਜ਼ਿੰਦਗੀ
ਪੀ-ਪੀ ਕੇ ਹੰਝੂ ਤੈਨੂੰ, ਹਸਾਇਆ ਏ ਜ਼ਿੰਦਗੀ

ਹੱਸਦੀ ਰਹੀ ਏਂ ਮੇਰੀ, ਤੂੰ ਹਰ ਖੁਸ਼ੀ ਦੇ ਨਾਲ ,
ਔਖੇ ਵੇਲ਼ੇ ਮੂੰਹ ਕਿਉਂ, ਵਟਾਇਆ ਏ ਜ਼ਿੰਦਗੀ

ਰੁੱਸ ਕੇ ਜੋ ਦੂਰ ਹੋਈ, ਤਾਂ ਮੈਂ ਵੀ ਸੋਚਿਆ,
ਕੀ ਖੱਟਿਆ ਤੇ ਕੀ , ਗਵਾਇਆ ਏ ਜ਼ਿੰਦਗੀ

ਹਾਣੀ ਬਣੀ ਤੂੰ ਸਾਹ ਦੀ, ਰਹੀ ਸਦਾ ਹੀ ਨਾਲ਼
ਸਾਥ ਨਾ ਤੇਰਾ ਉਹਨੇ ,ਨਿਭਾਇਆ ਏ ਜ਼ਿੰਦਗੀ

ਰਹਿ ਕੇ ਰਜ਼ਾ 'ਚ ਉਹਦੀ, ਦੁਨੀਆਂ ਦੇ ਰੰਗ ਮਾਣ,
'ਅਸ਼ਕ' ਨੇ ਕਿੱਨਾ ਤੈਨੂੰ , ਸਮਝਾਇਆ ਏ ਜ਼ਿੰਦਗੀ

ਮਾਇਆ

1

ਮਾਇਆ ਤੇਰੇ ਰੂਪ ਦੇ, ਵੇਖੇ ਰੰਗ ਹਜ਼ਾਰ
ਰੂਹ ਤੋਂ ਰਿਸ਼ਤਾ ਤੋੜ ਕੇ, ਕੀਤਾ ਤੈਨੂੰ ਪਿਆਰ

2

ਮਾਇਆ ਬੁੱਧੀ ਘੱਟ ਕਰੇ, ਭੁੱਲੇ ਦੀਨ ਇਨਸਾਨ
ਇੰਟਰਨੈਟ ਤੇ ਸਿਰ ਕਲਮ, ਕਿੰਜ ਵਧੂਗੀ ਸ਼ਾਨ

3

ਮਾਇਆ ਤੈਂ ਵਿਚ ਡੁੱਬ ਕੇ, ਪੰਡਤ ਬਣੇ ਨਦਾਨ
ਬੁੱਤ ਪੂਜਾ ਵਿਚ ਲਗ ਗਏ, ਭੁੱਲ ਗਏ ਭਗਵਾਨ

4

ਮਾਇਆ ਜੀਵ ਜੇ ਸੋਚਦੇ, ਕਿੱਥੇ ਹੈ ਭਗਵਾਨ ?
ਹੋਵੇ ਕਿੱਥੇ ਆਸਥਾ, ਹੁੰਦਾ ਕਿੱਥੇ ਗਿਆਨ ??

5

ਮਾਇਆ ਨਗਰੀ ਵਿੱਚ ਹੈ, ਛਲ-ਕਪਟ ਦਾ ਰਾਜ
ਡਿਗਰੀ ਦੀ ਬੋਲੀ ਲਗੇ, ਪੈਸਾ ਕਰਦਾ ਕਾਜ

6

ਮਾਇਆ ਤੋਂ ਬਚਕੇ ਰਹੋ ,ਕਹਿੰਦੇ ਸਾਧ-ਮਹੰਤ
ਪਰ ਦਿਉ ਸਾਡੀ ਦਕਸ਼ਣਾ, ਨਕਦ ਜਾਂ ਵੀਜ਼ਾ ਤੁਰੰਤ

7

ਮਾਇਆ,ਅਗਨੀ, ਲਾਲਸਾ, ਹੋ ਜਾਵਣ ਪਰਚੰਡ
ਬਾਬੇ, ਭਾਈ, ਪੀਰ ਤੇ ਪੰਡਤ ਕਰਨ ਪਖੰਡ

8

ਮਾਇਆ ਤੈਂ ਵਿਚ ਡੁੱਬਕੇ, ਭ੍ਰਸ਼ਟ ਹੋ ਗਏ ਸੰਤ
ਤਾਂਹੀ ਗੋਬਿੰਦ ਨੇ ਕਿਹਾ, 'ਗੁਰੂ ਮਾਨਿਓ ਗ੍ਰੰਥ'

9

ਮਾਇਆ ਨਗਰੀ ਵਿੱਚ ਹੈ, ਮੇਰਾ ਹੀ ਪਰਧਾਨ
ਹੱਕ ਦੂਜੇ ਦਾ ਖੋਹਕੇ, ਅਪਣਾ ਕਰਨ ਕੱਲਿਆਨ

10

ਮਾਇਆ ਤੂੰ ਤਾਂ ਲੁੱਟ ਲਏ, ਆਦਮ, ਦੇਵ, ਪਿਸ਼ਾਚ
ਐਸੀ ਕਰਣੀ ਹੈ ਤਿਰੀ, ਭੁੱਲੇ ਸੱਚ ਦੀ ਜਾਚ

11

ਮਾਇਆ ਦਿਨ ਤਿਰੇ, ਅਜਬ ਨੇ ਸਾਂਝ-ਸਵੇਰ

ਧਨਵਾਨ ਤਾਂ ਮੰਗਤਾ ਬਣੇ, ਮੰਗਤਾ ਬਣੇ ਕੁਬੇਰ

12

ਮਾਇਆ ਕਦ ਪੈਦਾ ਹੋਈ, ਨਹੀਂ ਕਿਸੇ ਨੂੰ ਭੇਦ '
ਬਸ ਇਸ ਤੋਂ ਬਚਕੇ ਰਹੋ', ਕਹਿੰਦੇ ਗ੍ਰੰਥ ਤੇ ਵੇਦ

13

ਮਾਇਆ ਲਤ ਧਨ ਦੀ ਬਣੀ, ਕਿਧਰੇ ਰੂਪ ਸੰਗੀਤ
ਇਕ ਦੂਜੇ ਨੂੰ ਛੱਡਕੇ, ਭੱਜੇ ਜਾਂਦੇ ਮੀਤ

14

ਮਾਇਆ ਮੋਹ, ਹੰਕਾਰ ਸਭ, ਐਸੇ ਨੇ ਅਹਿਸਾਸ
ਫਿਰ ਵੀ ਦੁਨੀਆਂ ਇਹਨਾਂ ਤੋਂ ਲੈਂਦੀ ਨਾ ਬਨਵਾਸ

15

ਮਾਇਆ ਤੈਨੂੰ ਛੱਡ ਗਏ, ਪੁਰਸ਼ੋਤਮ ਸ਼੍ਰੀ ਰਾਮ
ਸੀਤਾ ਮਾਤਾ ਨਾਲ਼ ਲੈ , ਪੀਤਾ ਨਾਮ ਦਾ ਜਾਮ

16

ਮਾਇਆ ਤੇਰੀ ਅੱਗ ਵਿਚ, ਜਲੇ ਸੋ ਨਿਰਬਲ ਹੋਏ
ਹੀਰਾ ਸਮਝੇ ਕੱਚ ਨੂੰ 'ਤੇ ਸੋਨਾ ਪਿੱਤਲ ਹੋਏ

17

ਮਾਇਆ ਦੇ ਵਸ ਹੋਇਕੇ, ਕਰਿਸ਼ਨ ਵੀ ਕੀਤਾ ਧਰੋਹ
'ਅਸ਼ਵ ਥਾਮਾ''ਦੇ ਝੂਠ ਨੂੰ , ਸੱਚ ਵਿਚ ਲਿਆ ਪਰੋ

18

ਮਾਇਆ ਤੂੰ ਹੈਂ ਮੋਹਨੀ, ਅਤੇ ਬੜੀ ਚਿੱਤ ਚੋਰ
ਪਰੀ ਮੇਨਿਕਾ ਵੇਖਕੇ , ਵਿਸ਼ਵਾਮਿਤੱਰ ਵਿਭੋਰ

19

ਮਾਇਆ ਕਰਮ ਕਾਂਡ ਦੀ, ਦੋ ਧਾਰੀ ਤਲਵਾਰ
ਇਕ ਧਾਰ ਨਫ਼ਰਤ ਬਣੀ, ਦੂਜੀ ਬਣ ਗਈ ਪਿਆਰ

20

ਮਾਇਆ ਨੇ ਹੈ ਧਰਤ ਨੂੰ, ਵੇਖ ਸਜਾਇਆ ਕਿੰਝ ?
ਤਾਂ ਹੀ ਦੇਵੀ-ਦੇਵਤੇ, ਕਰਦੇ ਇਨੂੰ ਪਸਿੰਦ

21

ਮਾਇਆ ਕੰਚਨ ਕਾਮਨੀ, ਦਿਲ ਵਿਚ ਭੈੜ ਲੁਕੋਏ
ਪਲ ਵਿਚ ਰਿਸ਼ਤਾ ਤੋੜਕੇ, ਮਿੱਤਰ ਵਿਰੋਧੀ ਹੋਏ

22

ਮਾਇਆ ਸੁਪਨੇ ਸਾਜਕੇ, ਚਲਾਵੇ ਇਹ ਸੰਸਾਰ
ਕਰਨ ਨੌਕਰੀ ਏਸਦੀ, ਕਾਮ, ਲੋਭ ਹੰਕਾਰ

23

ਮਾਇਆ ਤੇਰੇ ਨਾਲ਼ ਹੈ, ਜੀਹਨੇ ਕੀਤਾ ਪਿਆਰ
ਡੁੱਬਿਆ ਤੇਰੇ ਵਿੱਚ ਉਹ, ਭੁੱਲਕੇ ਸਿਰਜਣਹਾਰ

24

ਮਾਇਆ ਦਾ ਸਿਮਰਨ ਕਰੇ, ਅਤੇ ਨਾ ਪੂਜਾ ਹੋਏ
ਮੰਦਰ ਵਿਚ ਵੀ ਬੈਠਕੇ, ਧਿਆਨ ਤਿਰੇ ਵਿਚ ਖੋਏ

25

ਮਾਇਆ ਮੁਨੀ ਤੇ ਦੇਵਤੇ, ਕਰਦੇ ਨਹੀਂ ਵਿਰੋਧ
ਇੰਦਰ ਨੂੰ ਸ਼ਕਤੀ ਘੁਮੰਡ, ਪਰਸ਼ੂ ਰਾਮ ਕਰੋਧ

26

ਮਾਇਆ ਦੇ ਦਰਬਾਰ ਵਿਚ, ਝੂਠ-ਸੱਚ ਨਾ ਕੋਈ
ਐਨਕ ਹੈ ਜਿਸ ਰੰਗ ਦੀ ,ਦਿੱਖ ਉਵੇਂ ਦੀ ਹੋਈ

27

ਮਾਇਆ ਦੇ ਵਿਚ ਵਿਚਰੋ, ਹੱਥ ਨਾ ਉਹਦੇ ਆਓ
ਬਾਬਾ ਨਾਨਕ ਜੀ ਕਹਿਣ, 'ਕਰਮ ਯੋਗੀ ਬਣ ਜਾਓ'

28

ਮਾਇਆ ਘਮੰਡ ਨਾ ਕੀਜੇ, ਇਹ ਹੈ ਪੰਛੀ ਸਮਾਨ
ਮਰਿਗ-ਤਰਿਸ਼ਨਾ ਦੀ ਜਨਨੀ, ਕਦੇ ਵੀ ਭਰੇ ਉਡਾਨ

29

ਮਾਇਆ ਦੇ ਸੰਤਾਪ ਤੋਂ, ਜਦ ਮਨ ਕਿਸੇ ਦਾ ਰੋਏ
ਸਾਈਂ ਸ਼ਰਨ ਦੀ ਓਟ ਨੇ, ਦੁਖ ਸਾਰੇ ਨੇ ਧੋਏ

30

ਮਾਇਆ ਮਕੜੀ-ਜਾਲ਼ ਤੋਂ, ਕੋਈ ਨਾ ਬਚ ਪਾਏ
ਮਾਨਵ, ਦਾਨਵ, ਤੇ ਮੁਨੀ, ਸਭ ਚੁੰਗਲ਼ ਵਿਚ ਆਏ

31

ਮਾਇਆ ਦੇ ਬਹਿਕਾਵੇ ਜਦ, ਆ ਜਾਂਦਾ ਇਨਸਾਨ
ਭੈਣ,ਭਰਾ, ਮਿੱਤਰ, ਸਗੇ, ਬਣ ਜਾਂਦੇ ਹੈਵਾਨ

32

ਮਾਇਆ ਤੋਂ ਨਾ ਰੁੱਸੀਏ, ਨਾ ਹੀ ਕਰੀਏ ਪਿਆਰ
ਅੰਤਰ-ਆਤਮਾ ਦੀ ਸੁਣਕੇ, ਵਿਚਰੀਏ ਵਿਚ ਸੰਸਾਰ

33

ਮਾਇਆ ਅੰਤਰ-ਆਤਮਾ, ਜਦ ਦੇਂਦੀ ਹੈ ਮਾਰ
ਖੁਦਗਰਜ਼ੀ ਬਣ ਜਾਂਵਦੀ, ਫਿਰ ਜੀਵਨ ਆਧਾਰ

34

ਮਾਇਆ ਤੇ ਭਗਵਾਨ ਵਿਚ, ਏਹੀ ਫ਼ਰਕ ਹੈ ਭਾਈ !
ਇਕ ਕਰਾਵੇ ਕੈਦ ਤੇ, ਦੂਜਾ ਦਵੇ ਰਿਹਾਈ

35

ਮਾਇਆ ਜੀਵਨ ਸੁਪਨੇ ਨੂੰ, ਦੇਂਦੀ ਹੈ ਆਕਾਰ
ਨਿਰਭਰ ਇਹ ਮਾਨਵ 'ਤੇ ਹੁਣ, ਕਿੰਜ ਕਰੇ ਸਾਕਾਰ

36

ਮਾਇਆ ਤੇਰੀ ਤਰਿਸ਼ਣਾ, ਕਿੰਝ ਰਹੂਗੀ ਕੱਲ੍ਹ
ਵਕਤ ਦੀ ਪੌੜੀ ਹਾਂਫਦੇ, ਉਮਰ ਗਈ ਜੇ ਢੱਲ

37

ਮਾਇਆ ਜਿਸਦਾ ਆਦਿ ਹੈ, ਹੋਵੇਗਾ ਉਹਦਾ ਅੰਤ
ਧਨ, ਜੀਵਨ, ਗ਼ਮ ਤੇ ਖ਼ੁਸ਼ੀ, ਕੁਝ ਵੀ ਨਹੀਂ ਬੇਅੰਤ

38

ਮਾਇਆ ਦਾ ਸੇਵਨ ਕਰੋ, ਜੋ ਤਨ ਦਾ ਸਰ ਜਾਏ
ਐਪਰ ਨਾ ਐਨਾ ਕਰੋ ,ਕਿ ਮਨ ਨੂੰ ਹੀ ਹਰ ਜਾਏ

39

ਮਾਇਆ ਬਿਨ ਗੁਰ-ਗਿਆਨ ਹੈ, ਦੋਧਾਰੀ ਤਲਵਾਰ
ਰਾਖ਼ਸ਼ ਬਣ ਕਦ, ਕੀ ਪਤਾ? ਕਰ ਜਾਵੇ ਇਹ ਵਾਰ

40

ਮਾਇਆ ਪਿਆਲਾ ਜ਼ਹਿਰ ਦਾ, ਮਧ ਦਾ ਨਹੀਂ ਗਲਾਸ
ਇਹ ਜਾਣੋ ਤਾਂ ਆਵੇਗਾ, ਅਪਨੇ 'ਤੇ ਵਿਸ਼ਵਾਸ

41

ਮਾਇਆ ਮਹਿਮਾ ਰੱਬ ਦੀ, ਨਾ ਹੋਵੋ ਉਪਰਾਮ
'ਮੈਂ ਹੀ ਸਭ ਕੁਝ ' ਆਖਦੇ, ਅਰਜਨ ਨੂੰ ਘਨਸ਼ਾਮ

42

ਮਾਇਆ ਦਾ ਅਡੰਬਰ ਅਜਬ, ਨੇੜਿਉਂ ਲਗਦਾ ਦੂਰ
ਖ਼ੁਦ ਨੂੰ ਸਿਕੰਦਰ ਜੋ ਕਹੇ , ਇਕ ਦਿਨ ਹੋਏ ਮਜਬੂਰ

43

ਮਾਇਆ ਰੁੱਸੇ, ਖੁਸ਼ ਰਵ੍ਹੋ, ਤੇ ਇੰਜ ਦਾ ਬਣ ਜਾਉ
ਜੀਵਨ ਰੱਬੀ ਦਾਤ ਹੈ, ਮੰਨ ਕੇ ਖੁਸ਼ੀ ਮਨਾਓ

44

ਮਾਇਆ ਮੰਗੀ ਬੰਦਿਆ! ਕਰ ਤੀਰਥ ਇਸ਼ਨਾਨ
ਦੁਰਯੋਧਨ ਤੂੰ ਬਣ ਗਿਆ, ਮੰਗਿਆ ਨਾ ਭਗਵਾਨ

45

ਮਾਇਆ ਮਸਤੀ ਪੌਣ ਜਦ, ਬਣ ਜਾਵੇ ਤੂਫ਼ਾਨ
ਫਿਰ ਇਨਸਾਨੀ ਰੂਪ ਵਿੱਚ, ਢਲ਼ ਜਾਵੇ ਸ਼ੈਤਾਨ

46

ਮਾਇਆ ਦੇ ਸੰਸਾਰ ਵਿਚ, ਢੂੰਡੋ ਨਾ ਭਗਵਾਨ
ਏਨਾ ਹੀ ਹੈ ਬਹੁਤ ਜੇ, ਬਣ ਜਾਈਏ ਇਨਸਾਨ

47

ਮਾਇਆ ਦੇ ਵਿਸਤਾਰ ਵਿਚ, ਵਕਤ ਰਹੇ ਆਟੱਲ
ਕਰਮਾਂ ਦਾ ਫਲ਼ ਮਿਲੂਗਾ, ਅੱਜ ਨਹੀਂ ਤਾਂ ਕੱਲ੍ਹ

48

ਮਾਇਆ ਦੇ ਨਾਲ਼ ਉਲ਼ਝ ਕੇ , ਸੰਤੁਲਨ ਨਾ ਖੋਏ
ਮਿਤੱਰ ਬਣ ਮਿਤੱਰ ਰਹੇ, ਵੈਰੀ ਕੋਈ ਨਾ ਹੋਏ

49

ਮਾਇਆ ਮਨ ਦੇ ਦੀਪ ਵਿੱਚ, ਦੇਂਦੀ ਆਸ ਜਗਾ
ਕੋਈ ਕਰਦਾ ਆਰਤੀ, ਕੁਈ ਘਰ ਨੂੰ ਲਵੇ ਜਲ਼ਾ

50

ਮਾਇਆ ਦੇ ਪੰਜ ਚਾਕਰ, ਰੱਬ ਦੇ ਨੇ ਵਰਦਾਨ
ਬਿਨ ਇਹਨਾਂ ਕਿੰਝ ਹੋਵੇ, ਬੰਦੇ ਦੀ ਪਹਿਚਾਨ

51

ਮਾਇਆ ਸਿਰਜਨਹਾਰ ਹੈ, ਅਨਹਦ ਸ਼ਕਤ ਮਹਾਨ
ਲੜੀਏ ਦੇ ਕੇ ਏਸਨੂੰ, ਅਪਣੇ ਰੂਪ ਤੇ ਨਾਮ

52

ਮਾਇਆ-ਕੰਧਾਂ ਵਿੱਚ ਜਦ, ਦਬ ਜਾਵੇ ਅਹਿਸਾਸ
ਤਨ ਜੀਵਤ ਪਰ ਮਨ ਰਹੇ, ਰੂਹ ਦੇ ਸਣੇ ਉਦਾਸ

53

ਮਾਇਆ ਡੂੰਘੀ ਸਾਗਰੋਂ, ਵਿਚ ਕਿਸ਼ਤੀ ਮੰਝਧਾਰ
ਸਾਈਂ ਨੂੰ ਖੇਵਟ ਬਣਾ , ਲੈ ਜਾਊਗਾ ਪਾਰ

54

ਮਾਇਆ ਵਿਆਖੀ ਨਾ ਗਈ, ਕਿੰਨੇ ਜਨਮ ਗਏ ਮੁੱਕ
ਥੱਕ ਕੇ ਕਲਮ 'ਅਸ਼ਕ' ਦੀ, ਤਾਹੀਓਂ ਗਈ ਹੈ ਰੁੱਕ

ਸਧਰਾਂ ਦੀ ਰੂੰ

ਸਧਰਾਂ ਦੀ ਮੈਂ ਰੂੰ ਨੂੰ ਪੁਣਿਆ
ਤਾਂ ਉਮਰ ਇਹ ਲੰਮੀ ਕੱਤੀ ਏ

ਜਿਸ ਰੁੱਤੇ ਮੇਰਾ ਮਾਹੀ ਆਵੇ
'ਅਸ਼ਕ' ਉਹੋ ਰੰਗ-ਰੱਤੀ ਏ



ਜਾਣ-ਪਹਿਚਾਨ

ਨਾਮ : ਹਰਦੇਵ ਸੋਢੀ 'ਅਸ਼ਕ'
ਜਨਮ : ਕਸੌਲੀ, ਹਿਮਾਚਲ ਪਰਦੇਸ਼

ਵਿੱਦਿਆ : M.A.Sc(Engg)(Windsor)
M.B.A.(Waterloo)

ਕਿੱਤਾ : Ret.Chair,Technologies
Kwantlen Polytechnic
University,Surrey,
B.C.,Canada

ਇਸ ਕਲਮ : 'ਸਫ਼ਰ ਕੀ ਪਗ਼ਡੰਡੀਆਂ' (ਹਿੰਦੀ)
ਤੋਂ 'ਸਮੇਂ ਕੇ ਸਾਏ' (ਹਿੰਦੀ)
ਕਵੀ ਸੰਕਲਨਾਂ : 'ਗੁਲਦਸਤਾ।ਏ। ਸੁਖ਼ਨ' (ਉਰਦੂ), ਵੈਨਕੂਵਰ
ਵਿਚ 'ਰਾਵੀ ਕੇ ਅਹਿਸਾਸ ਫਰੇਜ਼ਰ ਕੇ ਤਟ ਪਰ'
ਪਰਕਾਸ਼ਤ ਵੈਨਕੂਵਰ, (ਹਿੰਦੀ, ਪੰਜਾਬੀ, ਉਰਦੂ)**2006**
'ਕਲਮ(SALSOC)(ਹਿੰਦੀ, ਪੰਜਾਬੀ, ਉਰਦੂ) **2011**

RAINBOW"**(SALSOC)** (ਇੰਗਲਿਸ਼)**2015**

"Reflections"2014 Writers
Internationl Literary Festival (ਇੰਗਲਿਸ਼)

ਟੀਵੀ : ਅਦਾਕਾਰ ਗਰੁਪ ਏ.ਟੀ.ਐਨ. ਵੈਨਕੂਵਰ ਦੇ ਸੀਰੀਅਲ
'ਸਲੋਨੀ' ਦਾ ਸ਼ੀਰਸ਼ਕ ਗੀਤ 'ਬਨ ਕੇ ਧੂਆਂ ਜੋ ਉੜਾ'**2005**

ਸਾਹਿਤਿਕ : ਇੰਡੀਆ ਕਲੱਬ, ਵੈਨਕੂਵਰ (ਹਿੰਦੀ) **2005**
ਸੰਮਾਨ ਕੇਨੇਡਾ ਉਰਦੂ ਏਸੋਸ਼ੀਏਸ਼ਨ 'ਇੰਡੋ-ਪਾਕ ਜਸ਼ਨ।ਏ।ਆਜ਼ਾਦੀ'

Word on Street Festival Vancouver BC2005

Featured Poet UNESCO Poetry Month 2016

Address : 3360 Jesmond Ave, Richmond
B.C. Canada V7E1C3

Phone : (604)275-3166
& Fax
Email : hardev2000@yahoo.com

ਕੁੱਲ ਸ਼ਬਦ : **8076**

ਕੁੱਲ ਅੱਖਰ : **30984**